ੴ ਸਤਿਗੁਰ ਪ੍ਰਸਾਦਿ॥

# ਆਵਾਗਵਣ
# 84 ਲੱਖ ਜੂਨੀ
# ਚਿਤਰ ਗੁਪਤ
# ਜਮਦੂਤ ਅਤੇ
# ਧਰਮਰਾਜ ਦੀ ਅਸਲੀਅਤ

(ਗੁਰਬਾਣੀ ਦੀ ਪਰਖ ਕਸਵੱਟੀ ਤੇ)

ਪ੍ਰੋ: ਇੰਦਰ ਸਿੰਘ ਘੱਗਾ

ਪ੍ਰਕਾਸ਼ਕ :
ਫਤਿਹ ਪਬਲੀਕੇਸ਼ਨਜ਼
91-ਵਿਦਿਆ ਨਗਰ (ਕਰਹੇੜੀ)
ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ
ਮੋਬਾਇਲ : 98144-55582

ਮੁੱਲ - 40/-

ੴ ਵਾਹਿਗੁਰੂ ਜੀ ਕੀ ਫ਼ਤਿਹ।।

# ਆਵਾਗਵਣ + 84 ਲੱਖ ਜੋਨੀ

* ਚਿਤਰ ਗੁਪਤ
* ਜਮਦੂਤ ਅਤੇ
* ਧਰਮ ਰਾਜ ਦੀ ਅਸਲੀਅਤ

(ਗੁਰਬਾਣੀ ਦੀ ਤਰਕ ਕਸਵੱਟੀ ਤੇ)

ਲੇਖਕ

ਪ੍ਰੋ. ਇੰਦਰ ਸਿੰਘ ਘੱਗਾ

ਮੁੱਲ : 40/-

ਪ੍ਰਕਾਸ਼ਕ

ਫਤਿਹ ਪਬਲੀਕੇਸ਼ਨਜ਼

91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,

ਪਟਿਆਲਾ (ਪੰਜਾਬ)। ਮੋਬ. : 98144-55582

## ਆਵਾਗਵਣ + 84 ਲੱਖ ਜੋਨੀ

## (ਗੁਰਬਾਣੀ ਦੀ ਤਰਕ ਕਸਵੱਟੀ ਤੇ)

ਪ੍ਰੋ. ਇੰਦਰ ਸਿੰਘ ਘੱਗਾ

(ਇੰਟਰ ਨੈਸ਼ਨਲ ਸਿੱਖ ਮਿਸ਼ਨਰੀ)

(ਮੋਬ. 98551-51699)

© ਸਭ ਹੱਕ ਲੇਖਕ ਦੇ ਰਾਖਵੇਂ ਹਨ

**ਕੰਪਿਊਟਰ ਟਾਈਪਿੰਗ**

ਕਮਲ ਕੰਪਿਊਟਰ,

ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਛਾਪਕ**

ਡੈਫੋਡਿਲ ਪ੍ਰਿੰਟਿੰਗ ਪ੍ਰੈਸ

ਇੰਡਸਟਰੀ ਏਰੀਆ

ਪਟਿਆਲਾ।

ਮੁੱਲ : 40 ਰੁਪੈ

ਪਹਿਲੀ ਐਡੀਸ਼ਨ ਅਗਸਤ 2007

ਦੂਜੀ ਸੋਧੀ ਹੋਈ ਐਡੀਸਨ ਨਵੰਬਰ 2007

**ਕਿਤਾਬਾਂ, ਕਿਤਾਬਚੇ ਅਤੇ ਸੀ.ਡੀ. ਪ੍ਰਾਪਤ ਕਰਨ ਲਈ ਪਤਾ**

ਪ੍ਰਕਾਸ਼ਕ

ਫਤਿਹ ਪਬਲੀਕੇਸ਼ਨਜ਼

91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,

ਪਟਿਆਲਾ (ਪੰਜਾਬ)। ਮੋਬ. : 98144-55582

## ਪੁਸਤਕਾਂ ਮਿਲਣ ਲਈ ਪਤੇ

1. ਫ਼ਤਿਹ ਪਬਲੀਕੇਸ਼ਨਜ਼ ਵਿੱਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ - (ਮੋ: 98144-55582)
2. ਲਾਹੌਰ ਬੁੱਕ ਸ਼ਾਪ, ਲਾਜਪਤ ਰਾਏ ਮਾਰਕੀਟ, ਲੁਧਿਆਣਾ - (0161-2740738)
3. ਬਾਬਾ ਆਤਮਾ ਸਿੰਘ ਧਾਰਮਿਕ ਪੁਸਤਕ ਭੰਡਾਰ, ਗੁਰਦੁਆਰਾ ਸਿੰਘ ਸਭਾ, ਬਠਿੰਡਾ - (0164-2215252)
4. ਕੇਹਰ ਸਿੰਘ ਚੰਡੀਗੜ੍ਹ - (9815906213)
5. ਅਜਾਇਬ ਸਿੰਘ ਸੁਨਾਮ - (94171-06555)
6. ਭਾਈ ਜੋਧ ਸਿੰਘ, ਕਰਮਜੀਤ ਸਿੰਘ, ਅਦਾਲਤ ਬਾਜ਼ਾਰ, ਪਟਿਆਲਾ - (0175-2216092)
7. ਓਂਕਾਰ ਸਿੰਘ ਜੰਮੂ - (094691-41230)
8. ਸ੍ਰ: ਬਲਵਿੰਦਰ ਸਿੰਘ ਮਾਨਸਾ - (01652-228911) 9872549105
9. ਭਾਈ ਚਤਰ ਸਿੰਘ, ਜੀਵਨ ਸਿੰਘ ਬਾਜ਼ਾਰ ਮਾਈ ਸੇਵਾ, ਨੇੜੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।
10. ਸ. ਬਲਵਿੰਦਰ ਸਿੰਘ ਰਾਮਪੁਰਾ (ਦੋਰਾਹਾ) 01628-687017

## ਲੇਖਕ ਦੀਆਂ ਹੋਰ ਰਚਨਾਵਾਂ

**ਪੁਸਤਕਾਂ**

1. ਧਰਮ ਦੇ ਨਾਂ ਤੇ...।
2. ਸਾਡਾ ਬੇੜਾ ਇਉਂ ਗਰਕਿਆ...।
3. ਪੌਰਾਣਕ ਕਥਾਵਾਂ ਦਾ ਅੰਤ।
4. ਕਿਵੇਂ ਕੀਤਾ ਜਾ ਰਿਹੈ ਸਿੱਖਾਂ ਦਾ ਸਰਬਨਾਸ।
5. ਕਸੂਰਵਾਰ ਕਉਣ?
6. 25000 ਲਾਸ਼ਾਂ ਦਾ ਸੱਚ (ਛਪਾਈ ਅਧੀਨ)

**ਕਿਤਾਬਚੇ**

1. ਦਸਵੰਧ ਪ੍ਰੰਪਰਾ
2. ਮੈਨੂੰ ਸਿੱਖੀ ਤੇ ਮਾਣ ਹੈ
3. ਗੁਰੂ ਅਰਜੁਨ ਸਾਹਿਬ ਜੀ
4. ਮਾਲਾ ਦੀ ਕਰਾਮਾਤ
5. ਸਿੱਖ ਸਿਧਾਂਤ
6. ਗਰੁੜ ਚੜੇ ਗੋਬਿੰਦ ਆਇਲਾ
7. ਦਿਨੁ ਰੈਣਿ ਸਭ ਸੁਹਾਵਣੇ ਪਿਆਰੇ
8. ਸਭ ਤੇ ਵਡਾ ਸਤਿਗੁਰੁ ਨਾਨਕੁ

**ਆਡੀਓ ਸੀ.ਡੀਜ਼**

| | |
|---|---|
| 1. ਸਿੱਖ ਸਿਧਾਤਾਂ ਦਾ ਨਿਖੇੜਾ | (18 ਘੰਟੇ ਦੋ ਭਾਗ ਕਥਾ MP-3) |
| 2. ਇਤਿਹਾਸ ਦਾ ਗੌਰਵ | (10 ਘੰਟੇ ਕਥਾ MP-3) |
| 3. ਕੀ ਇਹ ਸਿੱਖਾਂ ਦੇ ਤਿਉਹਾਰ ਹਨ? | (10 ਘੰਟੇ ਕਥਾ MP-3) |
| 4. ਗੁਰਉਪਦੇਸ਼ ਕੀ ਹੈ? | (10 ਘੰਟੇ ਕਥਾ MP-3) |
| 5. ਬਨਾਰਸ ਦੇ ਠੱਗ | (10 ਘੰਟੇ ਕਥਾ MP-3) |
| 6. ਵਹਿਮ ਭਰਮ ਕਿਉਂ? | (10 ਘੰਟੇ ਕਥਾ MP-3) |
| 7. ਗੁਰਬਾਣੀ ਦਾ ਚਾਨਣ | (10 ਘੰਟੇ ਕਥਾ MP-3) |
| 8. ਗੁਰਬਾਣੀ ਦੇ 52 ਹੁਕਮ | (26 ਘੰਟੇ ਦੋ ਭਾਗ ਕਥਾ MP-3) |
| 9. ਸਿੱਖੀ ਤੇ ਮਾਣ | (10 ਘੰਟੇ ਕਥਾ MP-3) |
| 10. ਗੁਰਬਾਣੀ ਦਾ ਸੱਚ | (10 ਘੰਟੇ ਕਥਾ MP-3) |
| 11. ਗੁਰ ਮਾਰਗ | (10 ਘੰਟੇ ਕਥਾ MP-3) |

**ਵੀਡੀਓ ਸੀ.ਡੀਜ਼**

| | |
|---|---|
| 10. ਸਿੱਖੀ ਦਾ ਮਾਣ | (ਵੀਡੀਓ ਸੀਡੀ ਕਥਾ) |
| 11. ਗੁਰੂ ਅਮਰਦਾਸ ਜੀ | (ਵੀਡੀਓ ਸੀਡੀ ਕਥਾ) |
| 12. ਅਰਦਾਸ ਕੀ ਹੈ? | (ਵੀਡੀਓ ਸੀਡੀ ਕਥਾ) |
| 13. ਚੜ੍ਹਦੀ ਕਲਾ ਕਿਵੇਂ ਹੋਵੇ | (ਵੀਡੀਓ ਸੀਡੀ ਦੋ ਭਾਗ ਸੁਆਲ ਜੁਆਬ) |
| 14. ਕੀ ਨਰਕ ਸੁਰਗ ਹੈ? | (ਵੀਡੀਓ ਸੀਡੀ ਕਥਾ) |
| 15. ਧਰਮ ਵਿਦਿਆ ਦੀ ਲੋੜ | (ਵੀਡੀਓ ਸੀਡੀ ਕਥਾ) |

# ਆਵਾਗਵਣ + 84 ਲੱਖ ਜੋਨੀ

ਸੰਸਾਰ ਦੇ ਸਿਆਣੇ ਮਨੁੱਖ, ਆਪਣੇ ਨਿੱਜ ਤੱਕ ਤੀਮਤ ਨਾ ਰਹਿਕੇ, ਕੁਲ ਲੋਕਾਈ ਦੇ ਭਲੇ ਲਈ ਜਤਨ ਕਰਦੇ ਹਨ।ਧਰਤੀ ਤੇ ਰਹਿਣ ਲਈ ਦੂਜਿਆਂ ਨਾਲ ਸਲੀਕੇ ਵਾਲਾ ਵਿਹਾਰ ਕਰਨ, ਵਾਸਤੇ ਦਾਨੇ ਪੁਰਖਾਂ ਵੱਲੋਂ ਬੋਲਕੇ ਜਾਂ ਲਿਖਕੇ ਸਿਖਾਉਣ ਦੀਆਂ ਕੋਸ਼ਿਸ਼ਾਂ ਸਦਾ ਹੁੰਦੀਆਂ ਆਈਆਂ ਹਨ। ਮਨੁੱਖ ਦੀ ਕੰਮ ਕਰਨ ਦੀ ਸ਼ਕਤੀ ਅਸੀਮ ਹੈ। ਵਿਗਿਆਨਕ ਕਾਢਾਂ ਨੇ ਮਨੁੱਖਤਾ ਨੂੰ ਕਿੱਥੋਂ ਕਿੱਥੇ ਪਹੁੰਚਾ ਦਿੱਤਾ ਹੈ, ਪੜ੍ਹ ਵੇਖ ਕੇ ਹੈਰਾਨ ਰਹਿ ਜਾਈਦਾ ਹੈ। ਸਮੁੰਦਰ ਦੀਆਂ ਗਹਿਰਾਈਆਂ ਤੋਂ ਲੈ ਕੇ ਪੁਲਾੜ ਦੀਆਂ ਅਸੀਮ ਉਡਾਣਾ ਤੱਕ ਜੇ ਮਨੁੱਖ ਪੁੱਜਿਆ ਹੈ ਤਾਂ ਇਹ ਵਿਗਿਆਨੀਆਂ ਦੀ ਅਕਲ ਅਤੇ ਮੇਹਨਤ ਦਾ ਸਿੱਟਾ ਹੈ। ਸਕਿੰਟਾਂ ਵਿਚ ਦੁਨੀਆਂ ਬਾਰੇ ਹਰ ਤਰ੍ਹਾਂ ਦਾ ਗਿਆਨ ਪ੍ਰਾਪਤ ਕਰਨਾ, ਅੱਜ ਆਮ ਵਿਅਕਤੀ ਦੀ ਪਹੁੰਚ ਵਿਚ ਹੈ। ਸ੍ਰਿਸਟੀ ਦੀ ਉਤਪਤੀ ਤੋਂ ਲੈ ਕੇ, ਵਿਨਾਸ ਤੱਕ ਬਾਰੇ ਵਿਗਿਆਨੀਆਂ ਨੇ ਖੋਜ ਲਿਆ ਹੈ। ਮਨੁੱਖੀ ਸਰੀਰ ਤੋਂ ਲੈ ਕੇ ਮਨ ਦੇ ਵਿਕਾਸ ਦੀ ਪਰਕਿਰਿਆ (ਮਨੋਵਿਗਿਆਨ) ਬਾਰੇ ਵਿਸਮਾਦ ਦੀ ਹੱਦ ਤੱਕ ਖੋਜ ਹੋ ਚੁੱਕੀ ਹੈ, ਅਗੋਂ ਨਿਰੰਤਰ ਜਾਰੀ ਹੈ। ਉਤੋਂ ਖੂਬੀ ਇਹ ਪਈ ਅੱਜ ਤੱਕ ਕਿਸੇ ਵਿਗਿਆਨੀ ਨੇ ਇਹ ਫੋਕਾ ਦਾਹਵਾ ਨਹੀਂ ਕੀਤਾ ਕਿ ਮੇਰੀ ਖੋਜ ਹੀ **''ਅੰਤਮ ਸੱਚ''** ਹੈ। ਸਗੋਂ ਹੋ ਚੁੱਕੀ ਖੋਜ ਵਿਚ, ਲਗਾਤਾਰ ਸੁਧਾਰ ਜਾਂ ਵਿਕਾਸ ਹੁੰਦਾ ਰਹਿੰਦਾ ਹੈ।

ਦੂਜੇ ਪਾਸੇ ਧਰਮ ਮੁੱਖੀਆਂ ਨੇ ਬਦਲਵੇਂ ਢੰਗਾਂ ਨਾਲ, ਦੁਨੀਆਂ ਨੂੰ ਬਹੁਤ ਕੁਝ ਦਿੱਤਾ ਹੈ। ਸਮੂੰਹਕ ਰੂਪ ਵਿਚ, ਮਨੁੱਖੀ ਸੁਭਾ ਨੂੰ ਘੜਨ ਵਾਸਤੇ, ਸੁਤੀਆਂ ਕਲਾਂ ਜਗਾਉਣ ਵਾਸਤੇ, ਹੱਕ ਸੱਚ ਤੇ ਪਹਿਰਾ ਦੇਣ ਵਾਸਤੇ, ਜਿਉਣ ਅਤੇ ਮਰਨ ਬਾਰੇ ਬੇਅੰਤ ਬੰਦ ਦਰਵਾਜੇ ਧਰਮ ਨੇ ਖੋਹਲੇ ਹਨ। ਜੇ ਕਦੀ ਰੱਤ ਪੀਣੇ ਰਾਜੇ, ਆਪਣੀ ਪਰਜਾ ਨੂੰ ਵੱਢ ਵੱਢ ਖਾਣ ਲੱਗੇ, ਤਾਂ ਹੱਕ ਸੱਚ ਦਾ ਝੰਡਾ ਫੜਕੇ, ਬੇ ਖੌਫ ਹਿੱਕ ਤਾਣ ਕੇ ਧਰਮੀ ਪੁਰਖ ਜਾਬਰ ਹਕੂਮਤ ਨਾਲ ਜਾ ਟਕਰਾਏ। ਧਰਮੀ ਪੁਰਖਾਂ ਨੇ ਹੀ ਵਿਕਾਰਾਂ ਤੇ ਕਾਬੂ ਰੱਖ ਕੇ, ਸੰਜਮ ਵਾਲਾ ਪਰਉਪਕਾਰੀ ਜੀਵਨ ਬਤੀਤ



ਕਰਨ ਦਾ ਉਪਦੇਸ਼ ਕੀਤਾ। ਇਸੇ ਮਨੁੱਖੀ ਸਭਿਅਤਾ ਵਿਚ, ਕਾਤਿਲ ਚੋਰ ਠੱਗ ਅਤੇ ਹੋਰ ਬਹੁਤ ਤਰ੍ਹਾਂ ਦੇ ਨੀਚ ਬਿਰਤੀ ਵਾਲੇ ਲੋਕ ਭੀ ਰਹਿੰਦੇ ਹਨ। ਧਰਮ ਦੇ ਨਾਮ ਤੇ ਦਾਨ ਪੁੰਨ ਮੰਤਰ ਜਾਪ ਪਾਠ ਭੀ ਕੀਤੇ ਕਰਾਏ ਜਾਂਦੇ ਹਨ। ਲੋਕਾਂ ਦੀ ਆਗਿਆਨਤਾ ਦਾ ਧਾਰਮਕ ਪਹਿਰਾਵੇ ਵਾਲੇ, ਧਰਮ ਸਥਾਂਨਾਂ ਵਿਚ ਬੈਠੇ ਠੱਗਾਂ ਵੱਲੋਂ, ਸ਼ਰਮ ਲਾਹ ਕੇ, ਦੁਰਉਪਯੋਗ ਭੀ ਸਦਾ ਤੋਂ ਕੀਤਾ ਜਾਂਦਾ ਰਿਹਾ ਹੈ।

ਕਿਸੇ ਪ੍ਰਵਾਰ ਦੇ ਇਕ ਮੈਂਬਰ ਨੂੰ, ਕੋਈ ਵਿਗੜਿਆ ਬੰਦੂਕਧਾਰੀ ਕਾਬੂ ਕਰ ਲਵੇ। ਉਸ ਦੀ ਪੁੜਪੜੀ ਤੇ ਪਿਸਤੌਲ ਰੱਖਕੇ, ਪ੍ਰਵਾਰ ਵਾਲਿਆਂ ਤੋਂ ਪੰਜ ਸੱਤ ਲੱਖ ਰੂਪੈ ਦੀ ਮੰਗ ਕਰੇ। ਵਰਨਾ ਮੈਂ ਹੁਣੇ ਗੋਲੀ ਚਲਾ ਦਿਆਂਗਾ। ਛੇਤੀ ਕਰੋ ਸੋਚਣ ਦਾ ਵਕਤ ਨਹੀਂ ਹੈ। ਪਰਵਾਰਿਕ ਮੈਂਬਰ ਦੀ ਜਾਨ ਸਲਾਮਤੀ ਲਈ ਜਿੰਨੀ ਛੇਤੀ ਹੋ ਸਕੇ, ਬੰਦੂਕਧਾਰੀ ਡਾਕੂ ਨੂੰ ਮੂੰਹ ਮੰਗੀ ਰਕਮ ਦਿੱਤੀ ਜਾਂਦੀ ਹੈ।। ਇਹ ਅਤੀ ਨਿੰਦਣਯੋਗ ਅਪਰਾਧ ਹੈ। ਅਜਿਹੇ ਗੁੰਡੇ ਅਨਸਰ ਕਦੀ ਕਦਾਈ ਮੌਕਾ-ਏ-ਵਾਰਦਾਤ ਤੇ ਜਾਂ ਕੁੱਝ ਸਮੇਂ ਬਾਦ, ਦਬੋਚ ਲਏ ਜਾਂਦੇ ਹਨ, ਜੇਹਲ ਦੀਆਂ ਸਲਾਖਾਂ ਪਿੱਛੇ ਡੱਕ ਦਿੱਤੇ ਜਾਂਦੇ ਹਨ। ਕਿਉਂਕਿ ਇਹ ਬਲੈਕ ਮੇਲ ਕਰਨਾ ਹੈ। ਜਦੋਂ ਧਰਮ ਦੀਆਂ ਚਾਦਰਾਂ ਵਿਚ ਲਿਪਟਿਆ ਮਨੁੱਖ, ਭੋਲੇ ਪਰਵਾਰਾਂ ਨੂੰ ਭਰਮਾਂ ਵਿਚ ਪਾਵੇ। ਬੁਰੇ ਗ੍ਰਹਿ ਦਾ ਖਤਰਾ ਖੜਾ ਕਰੇ। ਪਾਪ ਲਗ ਜਾਣ ਦੀ ਦਹਿਸ਼ਤ ਪਾਵੇ। ਘੋਰ ਨਰਕਾਂ ਦਾ ਖੌਫ ਵਿਖਾਵੇ, ਜਾਂ ਚੌਰਾਸੀ ਲੱਖ ਜੂਨਾਂ ਵਿਚ ਭਟਕਣ ਦਾ ਸਾਕਾਰ ਚਿੱਤਰ ਸਾਹਮਣੇ ਪ੍ਰਗਟ ਕਰ ਵਿਖਾਵੇ ਤਾਂ ਕੀ ਉਸ ਵਕਤ ਉਹ ਠੱਗ ਗੁੰਡਾ, ਜਾਂ ਲੁਟੇਰਾ ਨਹੀਂ ਆਖਿਆ ਜਾਣਾ ਚਾਹੀਦਾ? ਮੁਆਫ ਕਰਨਾ। ਇਹ ਲਕਬ ਬਹੁਤ ਛੋਟੇ ਹਨ। ਅਜਿਹੇ ਲੋਕਾਂ ਲਈ **''ਧਾਰਮਕ ਬਦਮਾਸ਼''** (ਬਲੈਕ ਮੇਲਰ) ਆਖਿਆ ਜਾਣਾ ਉਚਿਤ ਰਹੇਗਾ। ਜਦੋਂ ਪ੍ਰਸਿਧ ਫਿਲਮ ਅਭਿਨੇਤਰੀ ਐਸ਼ਵਰੀਆ ਰਾਏ ਅਤੇ ਅਭਿਸ਼ੇਕ ਬੱਚਨ ਦਾ ਰਿਸ਼ਤਾ ਤੈਹ ਹੋਣ ਲੱਗਾ ਤਾਂ ਪੁਜਾਰੀਆਂ ਨੇ ''ਮੰਗਲੀਕ'' ਹੋਣ ਦਾ ਬਾਂਸ ਗੱਡ ਦਿੱਤਾ। ਅਮਿਤਾਭ ਬੱਚਨ ਬਹੁਤ ਅਮੀਰ ਹੈ, ਉਸਨੇ ਦੱਖਣ ਦੇ ਇਕ ਵੱਡੇ ਮੰਦਰ ਵਿਚ, ਮਹਾਂ ਪੁਜਰੀ ਨੂੰ 51 ਲੱਖ ਰੁਪੈ ਦੇ ਕੇ ਮੰਗਲੀਕ ਹੋਣ ਦਾ ਗ੍ਰਿਹ ਉਤਾਰਨ ਦੀ ਬੇਨਤੀ ਕੀਤੀ। ਉਹਨਾਂ ਇਕ ਵੱਡੀ ਰਕਮ ਲੈ ਕੇ ਭੀ ਬੀਬੀ ਐਸ਼ਵਰੀਆ ਦਾ ਵਿਆਹ ਪਹਿਲਾਂ ਇਕ ਬੋਹੜ ਨਾਲ ਕੀਤਾ। ਤਾਂ ਕਿ ਰਾਹੂ ਕੇਤੂ ਨੂੰ ਜਾਂ ਰੱਬ ਜੀ ਨੂੰ ਧੋਖਾ ਦਿੱਤਾ ਜਾ ਸਕੇ

ਕਿ ਜੇ ਤੁਸੀਂ ਇਸ ਬੀਬੀ ਦੇ ਪਤੀ ਦੀ ਲੱਤ ਭੱਨਣੀ ਹੀ ਹੈ ਤਾਂ ਇਸ ਦਾ ਖਸਮ ਬੋਹੜ ਹੈ, ਜਾਉ ਉਸ ਦੀ ਲੱਤ ਤੋੜ ਦਿਓ। ਜਦੋਂ ਅਜਿਹੇ ਚੋਟੀ ਦੇ ਕਲਾਕਾਰ ਬਲੈਕਮੇਲ ਹੋ ਸਕਦੇ ਹਨ, ਤਾਂ ਆਮ ਇਨਸਾਨ ਦੀ ਕੀ ਮਜਾਲ ਹੈ ਕਿ ਪੁਜਰੀ ਅੱਗੇ ਅੱਖ ਪੁੱਟ ਕੇ ਵੇਖ ਸਕੇ?

ਗੁਰੂ ਨਾਨਕ ਸਾਹਿਬ ਬਾਬਾ ਜੀ ਨੇ ਹਰ ਅਡੰਬਰ, ਕੂੜ ਕਿਰਿਆ ਤੇ ਵਦਾਣੀ ਸੱਟ ਮਾਰੀ ਹੈ। ਪੁਜਾਰੀ ਦੀ ਨੰਗੀ ਚਿੱਟੀ ਲੁੱਟ ਨੂੰ, ਭਰੇ ਇਕੱਠ ਵਿਚ ਨੰਗਿਆਂ ਕੀਤਾ ਹੈ। ਤੀਰਥਾਂ, ਸ੍ਰਾਧਾਂ, ਜੱਗਾਂ, ਨਰਕਾਂ, ਸੁਰਗਾਂ, ਜਮਰਾਜਾਂ, ਧਰਮਰਾਜਾਂ ਚਉਰਾਸੀ ਲੱਖ ਜੂਨਾਂ ਤੇ ਆਵਾਗਵਣਾਂ ਨੂੰ, ਡੰਕੇ ਦੀ ਚੋਟ ਨਾਲ ਰੱਦ ਕਰ ਦਿੱਤਾ। ਸਭ ਕੂੜਾ ਕਰਕਟ ਵਗਾਹ ਮਾਰਿਆ ਤੇ ਇਕ ਨਿਰੰਕਾਰ ਤੇ ਭਰੋਸਾ ਰੱਖਣ ਲਈ ਕਿਹਾ। ਫੁਰਮਾਨ ਹੈ :-

**ਜਪੁ ਤਪੁ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭੁ ਤੇਰਾ।।**
**ਗੁਰ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ।।(878)**
**ਜਪ ਤਪ ਸੰਜਮ ਕਰਮ ਸੁਖ ਸਾਧਨ, ਤੁਲਿ ਨ ਕਛੂਐ ਲਾਹਿ।।**
**ਚਰਨ ਕਮਲ ਨਾਨਕ ਮਨੁ ਬੇਧਿਓ, ਚਰਨਹਿ ਸੰਗਿ ਸਮਾਹਿ।।(1222)**

ਭਾਵੇਂ ਗੁਰਬਾਣੀ ਨੇ ਧਾਰਮਕ ਲੋਕਾਂ ਦੇ ਫੋਕਟ ਵਿਚਾਰਾਂ ਨੂੰ ਇਕ ਵੱਢਿਉਂ ਰੱਦ ਕੀਤਾ ਹੋਇਆ ਹੈ। ਆਮ ਸਿੱਖ ਸਮਾਜ ਗੁਰਬਾਣੀ ਤੋਂ ਸੱਖਣਾ ਹੈ। ਯੂਨੀਵਰਸਿਟੀਆਂ ਦੇ ਲੇਖਾਰੀ ਵਿਦਵਾਨ, ਬ੍ਰਾਹਮਣੀ ਵੈਦਿਕ ਵਿਚਾਰ, ਧਾਰਾ ਦੇ ਗੁਲਾਮ, ਪਿੰਜਰੇ ਦੇ ਸ਼ੇਰ ਹਨ। ਗੁਰਬਾਣੀ ਦੇ ਚਾਨਣ ਵਿਚ ਪੁਸਤਕਾਂ ਲਿਖਣ ਦੀ ਥਾਵੈਂ ''ਹਿੰਦੂ ਮੁਖਧਾਰਾ'' ਦਾ ਅੰਗ ਬਣਕੇ ਲਿਖਦੇ ਹਨ। ਭਾਰਤ ਦੀ ਏਕਤਾ ਔਰ ਆਖੰਡਤਾ ਤੇ ਪੱਬਾਂ ਭਾਰ ਹੋ ਕੇ ਪਹਿਰਾ ਦਿੰਦੇ ਹਨ। ਸਿੱਖਾਂ ਦਾ ਬਹੁ ਗਿਣਤੀ ਧਰਮ ਪ੍ਰਚਾਰਕ ਲਾਣਾ ਤਾਂ ਹੈ ਹੀ ''ਕਾਂਸੀ ਦਾ ਵਿਦਵਾਨ ਦਾਹੜੀ ਕੇਸਾਂ ਵਾਲਾ ਬ੍ਰਾਹਮਣ''। ਸਿੱਖੀ ਸਰੂਪ ਵਾਲੇ ਇਸ ਬ੍ਰਾਹਮਣ ਨੇ ਸੰਤਾਂ ਮਹਾਂਪੁਰਖਾਂ ਬ੍ਰਹਮ ਗਿਆਨੀਆਂ ਵਲੋਂ (ਸਕੂਲਾਂ ਕਾਲਜਾਂ ਵਿਚੋਂ ਨਹੀ), ਡੇਰਿਆਂ ਟਕਸਾਲਾਂ ਤੇ ਟਿਕਾਣਿਆਂ ਵਿਚੋਂ, ਧਰਮ ਵਿਦਿਆ ਪ੍ਰਾਪਤ ਕੀਤੀ ਹੁੰਦੀ ਹੈ। ਅਜਿਹੇ ਮਹਾਂਪੁਰਖ (ਅਸਲ ਵਿਚ ਮਹਾਂਮੂਰਖ) ਵੱਡੇ ਭਰਵੇਂ ਇਕੱਠਾਂ ਵਿਚ, ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ, ਰੱਬ ਨੂੰ ਹਾਜਰ



ਨਾਜਰ ਜਾਣਕੇ, ਅਜਿਹੇ ਕੁਫਰ ਤੋਲਦੇ ਹਨ, ਜਿਨ੍ਹਾਂ ਦਾ ਕੋਈ ਸਿਰ ਪੈਰ ਹੁੰਦਾ ਹੀ ਨਹੀਂ। ਸ਼ਰਮ ਨਾਲ ਪਾਣੀ ਪਾਣੀ ਹੋ ਜਾਈਦਾ ਹੈ।

ਜੇ ਕਰ ਡਾਕਟਰ ਮਰੀਜ ਨੂੰ ਕਹਿ ਦੇਵੇ ਕਿ ਭਾਈ ਮਾਮੂਲੀ ਜਿਹੀ ਬਿਮਾਰੀ ਹੈ, ਫਿਕਰ ਕਰਨ ਦੀ ਲੋੜ ਨਹੀਂ। ਆਹ ਗੋਲੀਆਂ ਖਾਹ, ਠੀਕ ਹੋ ਜਾਵੇਂਗਾ। ਏਨਾ ਕੁ ਆਖਣ ਨਾਲ ਡਾਕਟਰ ਨੂੰ ਪੰਜਾਹ ਤੋਂ ਸੌ ਕੁ ਰੁਪੈ ਮਿਲ ਜਾਣਗੇ। ਵੀਹ ਤੀਹ ਹਜਾਰ ਤਾਂ ਨਹੀਂ ਮਿਲੇਗਾ। ਵੱਡੀ ਰਕਮ ਤਾਂ ਤਦੋਂ ਮਿਲੇਗੀ ਅਗਰ ਮਰੀਜ ਨੂੰ ਖੌਫਜਦਾ ਕਰੇ। ਭਿਆਨਕ ਰੋਗ ਹੋਣ ਦਾ ਐਲਾਨ ਕਰੇ। **''ਅਪ੍ਰੇਸ਼ਨ ਤਾਂ ਕਰਨਾ ਹੀ ਪਵੇਗਾ।''** ਦਾ ਢੰਡੋਰਾ ਪਿੱਟੇ। ਫਿਰ ਮਰਦਾ ਕੀ ਨਾ ਕਰਦਾ। ਮਰੀਜ ਵਲੋਂ ਡਾਕਟਰ ਨੂੰ ਮੂੰਹ ਮੰਗੀ ਵੱਡੀ ਰਕਮ ਦੇਣੀ ਹੀ ਪਵੇਗੀ। ਇਸੇ ਤਰ੍ਹਾਂ ਮੁਕੱਦਮੇ ਵਿਚ ਫਸੇ ਵਿਅਕਤੀ ਨੂੰ ਵਕੀਲ ਕਹਿ ਦੇਵੇ, ''ਗੱਲ ਹੀ ਕੋਈ ਨਹੀਂ, ਮਾਮੂਲੀ ਕੇਸ ਹੈ, ਇਹ ਤਾਂ ਖਾਰਜ ਹੋਇਆ ਹੀ ਸਮਝੋ।'' ਇੰਵ ਕਹਿਕੇ ਵਕੀਲ ਵੱਡੀ ਫੀਸ ਨਹੀਂ ਬਟੋਰ ਸਕਦਾ। ਤੀਹ ਚਾਲੀ ਹਜ਼ਾਰ ਰੁਪਿਆ ਖਰਾ ਕਰਨ ਵਾਸਤੇ ਤਾਂ ਸਬੰਧਤ ਵਿਅਕਤੀ ਦਾ ਤ੍ਰਾਹ ਕੱਢਣਾ ਪਵੇਗਾ। ਦੁਖਦਾਈ ਕੈਦ, ਪ੍ਰਵਾਰ ਤੋਂ ਵਿਛੋੜਾ, ਜੇਹਲ ਵਿਚਲੀ ਕਠੋਰ ਮੁਸ਼ੱਕਤ, ਪੁਲਿਸ ਦੀ ਮਾਰ ਕੁੱਟ ਦਾ ਭਿਆਨਕ ਨਕਸ਼ਾ ਵਿਖਾ ਕੇ , ਦਿਲ ਦਹਿਲਾਕੇ, ਵਕੀਲ ਮੋਟੀ ਫੀਸ ਵਸੂਲ ਕਰ ਸਕਦਾ ਹੈ। (ਭਲੇ ਵਕੀਲ, ਭਲੇ ਡਾਕਟਰ ਅਤੇ ਸੱਚ ਦੇ ਪਾਂਧੀ ਧਰਮ ਪ੍ਰਚਾਰਕਾਂ ਤੋਂ ਖਿਮਾ ਯਾਚਨਾ) ਵਰਨਾ ਮਾਮੂਲੀ ਕੇਸ ਦੀ ਵੱਡੀ ਫੀਸ ਕੌਣ ਦੇਵੇਗਾ?

ਇਸ ਮਨੋਵਿਗਿਆਨ ਦੀ ਲੀਹ ਤੇ ਚਲਦਿਆਂ ਜਾਣੇ ਜਾਂ ਅਣਜਾਣੇ ਵਿਚ ਧਾਰਮਕ ਚੋਲਿਆਂ ਵਿਚ ਸਜੇ ਸੰਵਰੇ ਠੱਗ (ਅਸਲ ਵਿਚ ਬਲੈਕ ਮੇਲਰ) ਦਿਨ ਰਾਤ ਇਹੀ ਪ੍ਰਚਾਰ ਕਰ ਰਹੇ ਹਨ। ਆਹ ਕੰਮ ਕਰਨ ਨਾਲ ਇੰਨਾ ਕੁ ਪਾਪ ਲਗਦਾ ਹੈ। ਉਸ ਪਾਪ ਨੂੰ ਉਤਾਰਨ ਵਾਸਤੇ ਇੰਨੇ ਕੁ ਤੀਰਥਾਂ ਤੇ ਜਾਣਾ ਪਵੇਗਾ। ਇਤਨੇ ਸਾਧਾਂ ਦੇ ਚਰਨ ਪੂਜਣੇ ਹੋਣਗੇ ਤੇ ਇੰਨੇ ਸਾਰੇ ਮੰਤਰ ਜਾਪ ਕਰਵਾਕੇ ਇਤਨਾ ਦਾਨ ਕਰਨਾ ਪਵੇਗਾ। ਇਸ ਤਰ੍ਹਾਂ ਕੀਤਿਆਂ ਸਾਰੇ ਪਾਪਾਂ ਦੀ ਨਵਿਰਤੀ ਕਰਨੀ ਸਾਡੀ ਗਰੰਟੀ ਹੈ। ਸਾਊ ਪੁੱਤ ਬਣਕੇ ਜਦੋਂ ਪੁਜਾਰੀ ਅੱਗੇ ਅਪਣਾ ਸਭ ਕੁਝ ਨਿਛਾਵਰ ਕਰ ਦਿੱਤਾ ਫਿਰ ਜੂਨੀ ਚੱਕਰ (84 ਲੱਖ ਜੂਨਾਂ) ਖਤਮ। ਤੁਹਾਡੇ ਇਕ ਇਕ ਸਵਾਸ ਦਾ

ਚਿੱਤਰ ਗੁਪਤ ਹਿਸਾਬ ਰੱਖਦੇ ਹਨ। ਤੁਹਾਡੇ ਵੱਲੋਂ ਕੀਤੇ ਗਏ ਸਾਰੇ ਚੰਗੇ ਮੰਦੇ ਕੰਮਾਂ ਨੂੰ ਲਿਖਦੇ ਰਹਿੰਦੇ ਹਨ। ਇਹਨਾਂ ਪਾਪਾਂ ਪੁੰਨਾਂ ਦਾ ਲੇਖਾ ਜੋਖਾ ਅੱਗੇ ਧਰਮਰਾਜ ਦੇ ਸਪੁਰਦ ਕਰ ਦਿੰਦੇ ਹਨ। ਪੂਰੀ ਛਾਣਬੀਣ ਤੋਂ ਮਗਰੋਂ, ਧਰਮਰਾਜ ਮਿਥੇ ਸਮੇਂ ਮੁਤਾਬਕ, ਸੁਰਗ ਜਾਂ ਨਰਕ ਵਿਚ ਭੇਜਦਾ ਹੈ। ਜਾਂ ਫਿਰ ਕੀਤੇ ਕੰਮਾਂ ਮੁਤਾਬਕ ਕਿਸ਼ੇ ਜੋਨੀ ਵਿਚ ਪਾ ਦਿੰਦਾ ਹੈ। ਜੋਨੀ ਭੀ ਕੀਤੇ ਕੰਮਾਂ ਮੁਤਾਬਕ ਸ਼ੇਰ, ਗਿੱਦੜ, ਬੱਕਰੀ, ਸੱਪ, ਕੀੜੇ ਮੱਛਰ ਜਾਂ ਮੱਖੀ ਕੁਝ ਭੀ।

ਚਿੱਤਰ ਗੁਪਤ ਕਿਥੇ ਰਹਿੰਦੇ ਹਨ ? ਕੋਈ ਸਬੂਤਾਂ ਸਹਿਤ ਨਹੀਂ ਕਹਿ ਸਕਦਾ। ਉਹਨਾਂ ਦੇ ਕਾਗਜ ਪੱਤਰ, ਬੈਠਣ ਖਲੋਣ ਦੀ ਥਾਂ, ਖਾਣਾ ਪੀਣਾ, ਟੱਟੀ-ਪਿਸ਼ਾਬ, ਇਸ਼ਨਾਨ ਆਦਿ ਦਾ ਕੀ ਪ੍ਰਬੰਧ ਹੈ? ਦੁਨੀਆਂ ਵਿਚ ਲੱਗਪਗ ਛੇ ਅਰਬ ਇਨਸਾਨ ਮੌਜੂਦ ਹਨ। ਇੰਨੇ ਕੁ ਹੀ ਚਿੱਤਰ ਗੁਪਤ ਮੰਨਣੇ ਪੈਣਗੇ? ਹੋ ਸਕਦਾ ਹੈ, ਸਾਰਿਆਂ ਧਰਮਾਂ ਵਾਲਿਆਂ ਦੇ ਇਹ ਚਿੱਤਰ ਗੁਪਤ ਵੱਖੋ ਵੱਖਰੀ ਚੀਜ ਹੋਣ? ਜੀਵ ਜੰਤੂਆਂ ਦੇ ਮੋਢਿਆਂ ਤੇ ਭੀ ਚਿੱਤਰ ਗੁਪਤ ਜਰੂਰ ਸਵਾਰ ਹੋਣਗੇ। ਕਿਉਂਕਿ ਪਸ਼ੂਆਂ ਪੰਛੀਆਂ ਡੱਡੂਆਂ ਮੱਛੀਆਂ ਜੋ ਕੁਝ ਕਰਦੀਆਂ ਹਨ, ਉਹ ਹਿਸਾਬ ਲਿਖਕੇ ਹੀ ਉਹਨਾਂ ਨੂੰ ਨਖਿੱਧ ਜੋਨੀ ਵਿਚੋਂ ਕੱਢਕੇ, ਮਨੁਖਾ ਜੋਨੀ ਵੱਲ ਲਿਆਂਦਾ ਜਾ ਸਕੇਗਾ? ਫਿਰ ਧਰਮ ਰਾਜ ਤੇ ਉਸਦਾ ਡਿਪਾਰਟਮੈਂਟ ਕਿੱਥੇ ਹੈ? ਕਿੰਨਾ ਵੱਡਾ ਹੈ? ਕਿੰਨੇ ਸਮੇਂ ਤੋਂ ਕੰਮ ਕਰਦਾ ਆ ਰਿਹਾ ਹੈ? ਜੋ ਧਰਮ (ਈਸਾਈ, ਮੁਸਲਮਾਨ, ਯਹੂਦੀ, ਬੋਧੀ, ਜੈਨੀ, ਪਾਰਸੀ ਆਦਿ ਆਵਾਗਵਣ ਨੂੰ ਨਹੀਂ ਮੰਨਦੇ) ਇਸ ਮਹਿਕਮੇ ਤੇ ਵਿਸ਼ਵਾਸ਼ ਨਹੀਂ ਕਰਦੇ ਉਹਨਾਂ ਦੇ ਹਿਸਾਬ ਲਈ ਕੀ ਪ੍ਰਬੰਧ ਹੈ? ਧਰਮ ਰਾਜ ਦੀ ਉਮਰ; ਰਹਿਣਾ ਪਹਿਨਣਾ ਬੋਲੀ ਆਦਿ ਬਾਰੇ ਕੋਈ ਦਸ ਸਕੇਗਾ? ਫਿਰ ਧਰਮਰਾਜ ਨੇ ਕੋਹਲੂ ਗੱਡੇ ਹੋਏ ਹਨ। ਪਾਪੀਆਂ ਨੂੰ ਉਹਨਾਂ ਵਿਚ ਪੀੜਦਾ ਹੈ। ਤੇਲ ਦੇ ਕੜਾਹੇ ਉੱਬਲ ਰਹੇ ਹਨ, ਪਾਪੀਆਂ ਨੂੰ ਉਹਨਾਂ ਵਿਚ ਉਬਾਲਿਆ ਜਾਂਦਾ ਹੈ। ਉਥੇ ਦੇ ਕਾਰਿੰਦੇ ਭਿਆਨਕ ਦੰਦਾਂ ਵਾਲੇ, ਸਿੰਗਾਂ ਵਾਲੇ, ਪੂਛਾਂ ਵਾਲੇ, ਡਰਾਉਣੀਆਂ ਸ਼ਕਲਾਂ ਵਾਲੇ...।

ਇਉਂ ਪ੍ਰਤੀਤ ਹੁੰਦਾ ਹੈ ਕਿ ਭਾਰਤ ਵਿਚਲੇ ਠੇਕੇਦਾਰਾਂ ਤੋਂ ਕੜਾਹੇ ਕੋਹਲੂ, ਲੱਕੜੀਆਂ, ਤੇਲ ਆਦਿ ਸਾਮਾਨ ਭੀ ਸ੍ਰੀਮਾਨ ਧਰਮਰਾਜ ਉਪਰ ਮੰਗਵਾਉਂਦਾ ਹੋਵੇਗਾ। ਇਹ ਅਮਿਣਵਾ ਮਾਲ ਉਪਰ ਭੇਜਣ ਲਈ, ਟਰੱਕਾਂ ਟ੍ਰੈਕਟਰਾਂ, ਖੋਤਿਆਂ,



ਰੇਲਾਂ ਜਾਂ ਹਵਾਈ ਜਹਾਜਾਂ ਦਾ ਪ੍ਰਬੰਧ ਵੀ ਕੀਤਾ ਹੋਵੇਗਾ। ਇਹਨਾਂ ਸਾਰੇ ਭਿਆਨਕ ਕੰਮਾਂ ਨੂੰ ਨਿਰਬਿਘਨ ਚਲਦੇ ਰੱਖਣ ਲਈ, ਬਹੁਤ ਵੱਡਾ ਵਿਭਾਗ ਖੋਹਲਿਆ ਗਿਆ ਹੋਵੇਗਾ। ਉਸ ਵਿਭਾਗ ਵਿਚ ਕੰਮ ਕਰਨ ਵਾਲੇ ਬੰਦੇ, ਕਿਹੜੀ ਧਰਤੀ ਤੋਂ ਮੰਗਵਾਏ ਜਾਂਦੇ ਹਨ? ਉਹ ਤਨਖਾਹਦਾਰ ਹਨ, ਕਿ ਵਗਾਰ ਵਿਚ ਹੀ ਫੜਕੇ ਲਾਏ ਹੋਏ ਹਨ? ਫਿਰ ਉਹਨਾਂ ਮੁਲਾਜ਼ਮਾਂ ਦੀਆਂ ਜੀਵਨ ਲੋੜਾਂ ਪੂਰੀਆਂ ਕਰਨ ਵਾਸਤੇ, ਉਥੇ ਵੱਡੇ ਬਾਜਾਰ, ਤੇ ਸਟੋਰ ਭੀ ਹੋਣਗੇ? ਸਕੂਲ ਕਾਲਜ, ਖੇਢ ਮੈਦਾਨ, ਆਵਾਜਾਈ ਦੇ ਸਾਧਨ...? ਅੱਖਾਂ ਖੋਹਲਕੇ ਵੇਖੋ ਹੋਰ ਸਾਰਾ ਸਾਮਾਨ ਤਾਂ ਉਪਰ ਕਿੱਥੇ ਜਾਣਾ ਸੀ, ਸਗੋਂ ਸਰੀਰ ਭੀ ਇਥੇ ਹੀ ਧਰਤੀ ਤੇ ਮਿੱਟੀ ਵਿਚ ਮਿੱਟੀ ਹੋ ਕੇ ਮਿਲ ਜਾਂਦਾ ਹੈ।ਸਾਰੇ ਸਰੀਰੀ ਤੱਤ, ਮੁੜ ਆਪੋ ਆਪਣੇ ਤੱਤਾਂ ਵਿਚ ਵਾਪਸ ਲੀਨ ਹੋ ਜਾਂਦੇ ਹਨ। ਗੁਰਵਾਕ ਹਨ-

**ਪਵਨੈ ਮਾਹਿ ਪਵਨੁ ਸਮਾਇਆ।। ਜੋਤੀ ਮਹਿ ਜੋਤਿ ਰਲ ਜਾਇਆ।।**
**ਮਾਟੀ ਮਾਟੀ ਹੋਈ ਏਕ।। ਰੋਵਨਹਾਰੇ ਕੀ ਕਵਨ ਟੇਕ।।(885)**

ਗੁਰਬਾਣੀ ਵਿਚ ਕਈ ਪੰਕਤੀਆਂ ਅਜਿਹੀਆਂ ਮਿਲ ਜਾਂਦੀਆਂ ਹਨ ਜਿਨ੍ਹਾਂ ਤੋਂ ਅਣਜਾਣ ਪੁਣੇ ਵਿਚ (ਜਾਂ ਸੇਵਕਾਂ ਤੋਂ ਚੋਖਾ ਮਾਲ ਲੁੱਟ ਲੈਣ ਦੀ ਮਨਸਾ ਤਹਿਤ) ਆਵਾਗਵਣ (84 ਦਾ ਗੇੜ) ਦਾ ਭਰਮ ਖੜਾ ਹੋ ਜਾਂਦਾ ਹੈ। ਇਹਨਾਂ ਪੰਕਤੀਆਂ ਦੀ ਆੜ ਲੈ ਕੇ, ਲੇਖਾਰੀ ਜਾਂ ਬੁਲਾਰਾ ਆਵਾਗਵਣ ਦੇ ਹੱਕ ਵਿਚ ਅੜ ਖਲੋਂਦਾ ਹੈ। ਕਿਉਂਕਿ ਸਿੱਖਾਂ ਦੀ ਸਮਾਜਕ ਵਰਤੋਂ ਵਿਹਾਰ, ਬ੍ਰਾਹਮਣੀ ਕਲਚਰ ਵਿਚ ਡੁੱਬੇ ਹੋਏ, ਹਿੰਦੂ ਸਮਾਜ ਨਾਲ ਪੈਂਦੀ ਹੈ। ਅਖਬਾਰ ਰਿਸਾਲੇ ਸਲੇਬਸ ਦੀਆਂ ਕਿਤਾਬਾਂ, ਫਿਲਮਾਂ ਅਤੇ ਟੀ. ਵੀ. ਚੈਨਲਾਂ ਰਾਹੀਂ ਹਿੰਦੂ ਪੌਰਾਣਕ ਕਹਾਣੀਆਂ ਨੂੰ ਸੱਚ ਸਾਬਤ ਕਰਨ ਦੀ ਪੁਰਜੋਰ ਕੋਸ਼ਿਸ਼ ਕੀਤੀ ਜਾਂਦੀ ਹੈ। ਜਦੋਂ ਕਿ ਇਹਨਾਂ ਕਲਪਿਤ ਕਹਾਣੀਆਂ ਦਾ ਕੋਈ ਵਿਗਿਆਨਕ ਅਧਾਰ ਨਹੀਂ ਹੈ। ਦਲੀਲ ਦੀ ਕੱਸਵੱਟੀ ਤੇ ਇਹ ਕਥਾਵਾਂ ਕਦੀ ਖਰੀਆਂ ਨਹੀਂ ਉਤਰੀਆਂ। ਇਹਨਾਂ ਵਿਚਲੇ ਪਾਤਰ ਹੀ ਅਸਲ ਵਿਚ ਅਣ ਹੋਏ ਹਨ। ਭਾਵ ਜਿਨਾ ਦਾ ਕਦੀ ਜਨਮ ਹੋਇਆ ਹੀ ਨਹੀਂ। ਜਦੋਂ ਕਿ ਗੁਰਬਾਣੀ ਵਿਚ ਹੀ ਥੋਕ ਦੇ ਹਿਸਾਬ ਨਾਲ ਇਹਨਾਂ ਕੂੜ ਪਾਤਰਾਂ ਦੀ ਅਸਲੀਅਤ ਚੰਗੀ ਤਰ੍ਹਾਂ ਨੰਗੀ ਕੀਤੀ ਮਿਲ ਜਾਂਦੀ ਹੈ। ਧਰਮ ਰਾਜ, ਜਮਰਾਜ, ਚਿੱਤਰ ਗੁਪਤ ਅਤੇ ਨਰਕ ਸੁਰਗ

ਨੂੰ ''ਡੰਕੇ ਦੀ ਚੋਟ'' ਨਾਲ ਨਕਾਰਨ ਵਾਲੇ ਪ੍ਰਮਾਣ ਗੁਰਬਾਣੀ ਵਿਚੋਂ ਬੇਅੰਤ ਮਿਲ ਜਾਂਦੇ ਹਨ।

ਭਲਾ ਇਹ ਪੁਜਾਰੀ ਵਰਗ ਆਵਾਗਵਣ ਵਿਰੋਧੀ ਗੁਰਬਾਣੀ ਫੁਰਮਾਨ ਕਿਉਂ ਪੜ੍ਹੇਗਾ, ਸੰਗਤਾਂ ਨੂੰ ਕਿਉਂ ਸੁਣਾਏਗਾ? ਜਦੋਂ ਇਸ ਤਰ੍ਹਾਂ ਕਰਨ ਨਾਲ ਉਸਦੇ ਆਪਣੇ ਰੌਜਗਾਰ ਦੇ ਸਾਧਨ ਬੰਦ ਹੋਣ ਦਾ ਖਤਰਾ ਹੋਵੇ। ਸਦੀਆਂ ਤੋਂ ਹੀ ਪੁਜਾਰੀ ਲੋਟੂ ਟੋਲੇ, ਮ ਨੁਖਤਾ ਨੂੰ ਮੂਰਖ ਬਣਾ ਕੇ, ਲੁੱਟਦੇ ਆ ਰਹੇ ਹਨ। ਉਹਨਾਂ ਦੀ ਮੇਹਨਤ ਨੂੰ ਡਕਾਰ ਰਹੇ ਹਨ। ਅਣਜਾਣ ਗਰੀਬ ਵਰਗ ਦਾ ਡੀਕਾਂ ਲਾਕੇ ਖੂਨ ਪੀ ਰਹੇ ਹਨ। ਜਿੰਦਗੀ ਦੀਆਂ ਸਾਰੀਆਂ ਸੁਖ ਸਹੂਲਤਾਂ ਭੋਗ ਰਹੇ ਹਨ। ਬਿਨ੍ਹਾਂ ਡੱਕਾ ਦੂਹਰਾ ਕੀਤਿਆਂ, ਬਿਨਾਂ ਸਰੀਰ ਨੂੰ ਤਾਅ ਦਿਤਿਆਂ, ਬਗੈਰ ਪਸੀਨੇ ਦੀ ਇਕ ਬੂੰਦ ਬਹਾਇਆਂ ਜਾ ਬਿਨਾਂ ਸਰੀਰ ਮੈਲਾ ਕੀਤਿਆਂ, ਕਿਰਤੀ ਇਨਸਾਨ ਤੋਂ ਆਪਣੀਆ ਚਾਲਾਕੀਆਂ ਨਾਲ ਧਨ ਪਦਾਰਥ ਲੁੱਟ ਲਿਆ ਜਾਂਦਾ ਹੈ। ਇਸ ਝੂਠੇ ਵਿਸ਼ਵਾਸ਼ ਨਾਲ ਕਿ ਤੁਹਾਨੂੰ ਅਗਲੇ ਜਨਮ ਵਿਚ ਕਈ ਗੁਣਾਂ ਕਰਕੇ ਦਿੱਤਾ ਜਾਵੇਗਾ। ਤੁਹਾਡੀ ਭੈੜੀਆਂ ਜੂਨਾਂ ਤੋਂ ਭੀ ਬੰਦ ਖਲਾਸੀ ਕਰਵਾ ਦਿੱਤੀ ਜਾਵੇਗੀ। ਬੇਚਾਰਾ ਨਾਸਮਝ ਸ਼ਰਧਾਲੂ, ਖੁਸ਼ੀ ਵਿਚ ਫੁੱਲਿਆ ਨਹੀਂ ਸਮਝਾਉਂਦਾ, ਪਈ ਧਰਮ ਮੁਖੀ ਨੇ ਮੇਰੇ ਉਪਰ ਕਿਤਨਾ ਵੱਡਾ ਉਪਕਾਰ ਕੀਤਾ ਹੈ। ਕਿੰਨੀ ਮੁਸੀਬਤ ਝੱਲ ਕੇ ਮੇਰੇ ਸਾਰੇ ਪਾਪ ਗੁਨਾਹ ਮੁਆਫ ਕਰਵਾ ਦਿੱਤੇ। ਇਸੇ ਠੱਗੀ ਨੂੰ ਬੇਪਰਦ ਕਰਨ ਵਾਲਾ ਇਕ ਸ਼ਬਦ ਪੜੋ –

**ਦਾਨੁ ਦੇਇ ਕਰਿ ਪੂਜਾ ਕਰਨਾ।। ਲੈਤ ਦੇਤ ਉਨੁ ਮੂਕਰਿ ਪਰਨਾ।।**
**ਜਿਤੁ ਦਰਿ ਤੁਮ ਹੈ ਬ੍ਰਾਹਮਣ ਜਾਣਾ।। ਤਿਤੁ ਦਰਿ ਤੂ ਹੀ ਹੈ ਪਛੁਤਾਣਾ।।**
**ਐਸੇ ਬ੍ਰਾਹਮਣ ਡੂਬੇ ਭਾਈ।। ਨਿਰਾਪਰਾਧ ਚਿਤਵਹਿ ਬੁਰਿਆਈ।। ਰਹਾਉ।।**
**ਅੰਤਰਿ ਲੋਭੁ ਫਿਰਹਿ ਹਲਕਾਏ।। ਨਿੰਦਾ ਕਰਹਿ ਸਿਰਿ ਭਾਰੁ ਉਠਾਏ।।**
**ਮਾਇਆ ਮੂਠਾ ਚੇਤੈ ਨਾਹੀ।। ਭਰਮੇ ਭੂਲਾ ਬਹੁਤੀ ਰਾਹੀ।।**
**ਬਾਹਰਿ ਭੇਖ ਕਰਹਿ ਘਨੇਰੇ।। ਅੰਤਰਿ ਬਿਖਿਆ ਉਤਰੀ ਘੇਰੇ।।**
**ਅਵਰ ਉਪਦੇਸੈ ਆਪਿ ਨਾ ਬੂਝੈ।। ਐਸਾ ਬ੍ਰਾਹਮਣੁ ਕਹੀ ਨ ਸੀਝੈ।।**
**ਮੂਰਖ ਬਾਹਮਣ ਪ੍ਰਭੂ ਸਮਾਲਿ।। ਦੇਖਤ ਸੁਨਤ ਤੇਰੈ ਹੈ ਨਾਲਿ।।**
**ਕਹੁ ਨਾਨਕ ਜੇ ਹੋਵੀ ਭਾਗੁ।। ਮਾਨੁ ਛੋਡਿ ਗੁਰਚਰਨੀ ਲਾਗੁ।। (372)**



**ਅਰਥ ਵਿਚਾਰ** – ਹੇ ਭਾਈ ! ਇਹੋ ਜਿਹੇ ਬ੍ਰਹਾਮਣਾ ਨੂੰ ਮਾਇਆ ਦੇ ਮੋਹ ਵਿਚ ਡੁਬੇ ਜਾਣੋ, ਜਿਹੜੇ ਨਿਦੋਸ਼ੇ ਬੰਦਿਆਂ ਨੂੰ ਭੀ ਨੁਕਸਾਨ ਪੁਚਾਣ ਦੀਆਂ ਸੋਚਾਂ ਸੋਚਦੇ ਰਹਿੰਦੇ ਹਨ। ਉਚੀ ਜਾਤ ਦਾ ਹੋਣਾ, ਜਾਂ ਵੇਦਾਂ ਸਾਸਤਰਾਂ ਦਾ ਗਿਆਤਾ ਹੋਣਾ, ਵੱਡੇ ਅਹੁਦੇ ਤੇ ਹੋਣਾ, ਭੀ ਉਹਨਾਂ ਨੂੰ ਗਰਕ ਹੋਣੋ ਬਚਾ ਨਹੀਂ ਸਕਦਾ। ਜੇ ਉਹ ਬਿਨਾ ਵਜ੍ਹਾ ਦੂਜਿਆਂ ਦਾ ਬੁਰਾ ਸੋਚਦੇ ਹਨ। ਰਹਾਉ।।

ਹੇ ਭਾਈ ! ਅਜਿਹੇ ਲੁਟੇਰੇ ਪੁਜਾਰੀਆਂ ਦਾ ਹਾਲ ਵੇਖੋ। ਭੋਲੇ ਭਾਲੇ ਸੇਵਕ (ਜਜਮਾਨ) ਤਾਂ ਬਹਤਾ ਦਾਨ ਦੇ ਕੇ, ਪੂਜਾ ਮਾਨਤਾ ਕਰਦੇ ਹਨ। ਪਰ ਵੇਖੋ ਪੁਜਰੀ ਸਭ ਕੁਝ ਲੈ ਕੇ ਭੀ ਉਹਨਾਂ ਦਾ ਧੰਨਵਾਦ ਨਹੀਂ ਕਰਦੇ। ਦਾਨ ਦੱਛਣਾ ਲੈ ਕੇ ਭੀ ਇਹੀ ਜਾਹਰ ਕਰਦੇ ਹਨ ਕਿ ਅਸੀਂ ਤਾਂ ਸੇਵਕਾਂ ਦਾ ਪ੍ਰਲੋਕ ਸੰਵਾਰ ਰਹੇ ਹਾਂ। ਪਰ ਐ ਪੁਜਾਰੀ ਲੁਟੇਰੇ ! ਇਹਨਾਂ ਮੰਦ ਕਾਰਿਆਂ ਨਾਲ ਤੂੰ ਆਪਣੇ ਸਮਾਜ ਨੂੰ ਬਰਬਾਦ ਕਰ ਰਿਹਾ ਹੈਂ। ਯਾਦ ਰੱਖੀ, ਇਹਨਾਂ ਗਰੀਬਾਂ ਨੂੰ ਲੁੱਟਕੇ ਖਾਂਦਾ, ਤੂੰ ਖੁਦ ਭੀ ਤਬਾਹ ਹੋ ਜਾਵੇਂਗਾ। ਤੈਨੂੰ ਅੰਤ ਪਛਤਾਣਾ ਪਵੇਗਾ।

ਹੇ ਭਾਈ ! ਉਂਞ ਤਾਂ ਇਹ ਪੁਜਾਰੀ (ਬ੍ਰਾਹਮਣ, ਸਾਧ ਸੰਤ ਤੇ ਸਿਖਾਂ ਦੇ ਪੁਜਾਰੀ) ਆਪਣੇ ਆਪ ਨੂੰ ਧਰਮ ਪੁਸਤਕਾਂ ਦੇ ਮਾਹਿਰ ਪ੍ਰਗਟ ਕਰਦੇ ਹਨ। ਪਰ ਇਹਨਾਂ ਦੇ ਮਨਾਂ ਵਿਚ ਲੋਭ ਲਾਲਚ ਠਾਠਾਂ ਮਾਰਦਾ ਹੈ। ਇਹ ਤਾਂ ਵਾਸਨਾਵਾਂ ਵਿਚ ਹਲਕੇ ਹੋਏ (ਹਲਕੇ ਕੁਤੇ ਵਾਂਗ) ਘੁੰਮ ਰਹੇ ਹਨ। ਆਪਣੇ ਆਪਨੂੰ ਵਿਦਵਾਨ ਭੀ ਜਾਹਰ ਕਰਦੇ ਹਨ। ਦੂਜਿਆਂ ਨੂੰ ਗਿਆਨ ਦੇਣ ਜੋਗੇ ਨਹੀਂ ਹਨ। ਪਰ ਦੂਜਿਆਂ ਦੀ ਨਿੰਦਾ ਦਾ ਭਾਰ ਸਿਰ ਤੇ ਜਰੂਰ ਚੁੱਕੀ ਫਿਰਦੇ ਹਨ।

ਹੇ ਭਾਈ ! ਮਾਇਆ ਦੇ ਮੋਹ ਵਿਚ ਡੁੱਬ ਕੇ ਇਹ ਪੁਜਾਰੀ ਲੋਕ ਆਪਣੇ ਜੀਵਨ ਦੀ ਆਤਮਕ ਪੂੰਜੀ ਲੁਟਾ ਬੈਠੇ ਹਨ। ਇਹਨਾਂ ਲਾਲਚੀਆਂ ਨੂੰ ਰੱਬ ਤਾਂ ਭੁਲ ਹੀ ਗਿਆ ਹੈ। ਮਾਇਆ ਵਿਚ ਅੰਨਾ ਹੋਕੇ ਇਹ ਪੁਜਾਰੀ ਟੋਲਾ, ਖੁਦ ਕੁਰਾਹੇ ਪੈ ਚੁੱਕਿਆ ਹੈ, ਤੇ ਆਮ ਲੋਕਾਂ ਨੂੰ ਕੁਰਾਹੇ ਪਾ ਰਿਹਾ ਹੈ।

ਹੇ ਭਾਈ ! ਅਜਿਹੇ ਪੁਜਾਰੀਆਂ ਦੇ ਅੰਦਰ ਮਾਇਆ ਦਾ ਲਾਲਚ ਡੇਰਾ ਜਮਾਈ ਬੈਠਾ ਹੈ। ਬਾਹਰੋਂ ਲੋਕਾਂ ਨੂੰ ਭਰਮਾਉਣ ਵਾਸਤੇ, ਧਾਰਮਕ ਆਗੂ ਹੋਣ ਦਾ

ਵਿਖਾਵਾ ਕਰਨ ਲਈ ਕਈ ਤਰ੍ਹਾਂ ਦੇ ਦਿਲਕਸ਼ ਧਾਰਮਕ ਪਹਿਰਾਵੇ (ਭੇਖ) ਪਹਿਨਦਾ ਹੈ।

ਹੇ ਭਾਈ ! ਅਜਿਹਾ ਪਾਖੰਡੀ ਧਾਰਮਕ ਵਿਅਕਤੀ, ਦੂਜਿਆਂ ਨੂੰ ਤਾਂ ਬਹੁਤ ਧਰਮ ਉਪਦੇਸ਼ ਕਰਦਾ ਹੈ, ਖੁਦ ਉਸ ਧਰਮ ਦੇ ਅਸੂਲਾਂ ਨੂੰ ਨਾ ਸਮਝਦਾ ਹੈ ਤੇ ਨਾ ਕਮਾਉਂਦਾ ਹੈ। ਅਜਿਹਾ ਪਾਖੰਡੀ ਪੁਜਾਰੀ ਪੂਰੀ ਮਨੁਖਤਾ ਲਈ ਭਾਰ ਹੈ।

ਹੇ ਨਾਨਕ ! ਇਹ ਮੂਰਖ ਬ੍ਰਾਹਮਣ (ਪੁਜਾਰੀ ਵਰਗ) ਪ੍ਰਮਾਤਮਾ ਨੂੰ ਤਾਂ ਯਾਦ ਕਰਦਾ ਨਹੀਂ ਮਾਇਆ ਇਕੱਠੀ ਕਰਨ ਲਈ ਠੱਗੀਆਂ ਮਾਰਦਾ ਹੈ। ਯਾਦ ਰੱਖ ! ਪ੍ਰਮਾਤਮਾ ਤੇਰੇ ਸਾਰੇ ਕੀਤੇ ਕੰਮਾਂ ਨੂੰ ਵੇਖਦਾ ਹੈ। ਹੌਲੀ ਹੌਲੀ ਲੋਕੀ (ਗੁਰੂ ਦੀ ਮੱਤ ਲੈ ਕੇ) ਸਮਝਦਾਰ ਬਣ ਰਹੇ ਹਨ ਤੇ ਪੁਜਾਰੀਆਂ ਦੇ ਜਾਲ ਵਿਚੋਂ ਨਿਕਲ ਰਹੇ ਹਨ। ਤੂੰ ਆਪਣੀ ਉਚੀ ਜਾਤ ਅਤੇ ਬਹੁਤੀ ਪੜ੍ਹਾਈ ਦਾ ਹੰਕਾਰ ਛੱਡ ਦੇਹ। ਅਜੇ ਭੀ ਸਹੀ ਰਾਹ ਤੇ ਆ ਜਾ, ਮਾਣ ਹੰਕਾਰ ਤਿਆਗ ਕੇ, ਗੁਰੂ ਦੀ ਸ਼ਰਨੀ ਢੈਹ ਪਉ। ਤੇਰਾ ਜੀਵਨ ਸੰਵਰ ਜਾਵੇਗਾ।

ਉਪਰ ਵਰਣਿਤ ਸ਼ਬਦ ਵਿਚੋਂ ਪਾਠਕਾਂ ਨੇ ਪੜਲਿਆ ਹੈ, ਪੁਜਾਰੀ ਲਾਣਾ ਕਿਵੇਂ ਲੋਕਾਈ ਨੂੰ ਠੱਗਦਾ ਹੈ ਤੇ ਖੁਦ ਦੁੱਧ ਧੋਤਾ ਤੇ ਧਰਮ ਦੀ ਪਵਿਤਰ ਮੂਰਤ ਭੀ ਧਿਙਾਣੇ ਬਣ ਖਲੋਂਦਾ ਹੈ। ਇਥੇ ਯਾਦ ਰਹੇ ਇਸਲਾਮ ਧਰਮ ਵਿਚ, ਹਿੰਦੂਆਂ ਵਾਲਾ ਆਵਾਗਵਣ ਨਹੀਂ ਹੈ। ਮਨੁੱਖ ਮੌਤ ਤੋਂ ਬਾਦ ਕਬਰ ਵਿਚ ਦੱਬ ਦਿੱਤਾ ਗਿਆ। ਉਸਦੀ ਰੂਹ (ਜਾਂ ਆਤਮਾ) ਕਥਿਤ ਤੌਰ ਤੇ ਕਬਰ ਉਪਰ ਬੈਠੀ ''ਕਿਆਮਤ'' (ਪਰਲੋ+ਸ੍ਰਿਸ਼ਟੀ ਦਾ ਖਾਤਮਾ) ਦੀ ਉਡੀਕ ਕਰਦੀ ਹੈ। ਇਸ ਤਰ੍ਹਾਂ ਲੱਖਾਂ ਕਰੋੜਾਂ ਰੂਹਾਂ, ਕਬਰਾਂ ਤੇ ਬੈਠੀਆਂ ਭੁੱਖ ਤੇਹ, ਗਰਮੀ ਸਰਦੀ ਬਰਦਾਸ਼ਤ ਕਰ ਰਹੀਆਂ ਹਨ। ਜਦੋਂ ਕਿਆਮਤ ਆਵੇਗੀ ਤਾਂ ਮੁਹੰਮਦ ਸਾਹਿਬ ਬਹਿਸ਼ਤ (ਸਵਰਗ) ਵਿਚੋਂ ਧਰਤੀ ਤੇ ਆਉਣਗੇ। ਸਾਰੀਆਂ ਰੂਹਾਂ ਨੂੰ ਕੀਤੇ ਕਰਮਾਂ ਮੁਤਾਬਕ ਸਵਰਗ ਜਾਂ ਨਰਕ ਵਿਚ ਭੇਜਣਗੇ। ਜਿਨਾਂ ਨੇ ਮੁਹੰਮਦ ਤੇ ਵਿਸ਼ਵਾਸ ਕੀਤਾ ਉਹ ਸਾਰੇ ਸਵਰਗ ਵਿਚ ਜਾਣ ਦੇ ਹੱਕਦਾਰ ਹੋਣਗੇ। ਬਾਕੀਆਂ ਨੂੰ ਦੋਜਖ ਦੀ ਅੱਗ ਵਿਚ ਸੜਨਾ ਪਵੇ ਗਾ। ਇਸੇ ਤਰ੍ਹਾਂ ਇਸਾਈ ਅਤੇ ਯਹੂਦੀ ਧਰਮ ਵਾਲਿਆਂ ਦਾ ਵਿਸ਼ਵਾਸ਼ ਹੈ, ਕਿਉਂਕਿ ਇਹਨਾਂ ਸਾਰਿਆਂ ਦਾ ਮੂਲ ਸਰੋਤ ਧਰਮ ਯਹੂਦੀ ਧਰਮ ਹੀ ਹੈ। ਹਿੰਦੂਆਂ ਦਾ ਕੋਈ ਪੱਕਾ ਨਿਯਮ ਨਹੀਂ ਹੈ। ਇਹਨਾਂ ਦੇ ਧਰਮ ਗ੍ਰੰਥਾਂ ਦੇ ਵੱਖੋ ਵੱਖਰੇ ਵਿਚਾਰ ਹਨ। ਜੈਨ



ਅਤੇ ਬੁੱਧ ਧਰਮ ਆਵਾਗਵਣ ਨੂੰ ਸਵੀਕਾਰ ਨਹੀਂ ਕਰਦੇ। ਜਦੋਂ ਇਹਨਾਂ ਸਾਰੇ ਧਰਮਾਂ ਨੂੰ ਮੰਨਣ ਵਾਲਿਆਂ ਦਾ **''ਜੂਨੀ ਚੱਕਰ''** ਤੋਂ ਬਿਨਾਂ ਬੜਾ ਸੋਹਣਾ ਵਕਤ ਗੁਜਰ ਰਿਹਾ ਹੈ। ਹਜ਼ਾਰਾਂ ਸਾਲ ਤੋਂ ਇਹਨਾਂ ਨੂੰ ਕੋਈ ਔਕੜ ਨਹੀਂ ਆਈ। ਫਿਰ ਸਿੱਖਾਂ ਦੀ ਕੇਹੜੀ ਮਜਬੂਰੀ ਹੈ ਕਿ ਆਵਾਗਵਣ ਨੂੰ ਸਿਰ ਤੇ ਚੁੱਕੀ ਫਿਰਨ ? ਖਾਲਸੇ ਦੀ ਅੱਡਰੀ ਸੁਤੰਤਰ ਹਸਤੀ ਉਜਾਗਰ ਕਰਨ ਲਈ, ਬ੍ਰਾਹਮਣੀ ਗ੍ਰੰਥਾਂ ਵਿਚਲਾ ਸਾਰਾ ਕੂੜਾ ਕਚਰਾ ਹੂੰਝ ਕੇ ਸਿੱਖ ਮਨਾਂ ਵਿਚੋਂ ਕੱਢਣਾਂ ਅਤੀ ਜਰੂਰੀ ਹੈ। ਜੇ ਸਿੱਖ ਸਮਾਜ ਉਹੀ ਸਨਾਤਨ ਰੀਤਾਂ ਰਸਮਾਂ ਵਿਚ ਗਰਕਿਆ ਰਿਹਾ, ਫਿਰ ਨਿਆਰੇ ਹੋਣ ਦੀ ਡੀਂਗ ਨਾ ਮਾਰੀ ਜਾਵੇ। ਇਸ ਵਿਸ਼ੇ ਨਾਲ ਸਬੰਧਤ ਵਿਸਥਾਰ ਸਹਿਤ ਜਾਣਕਾਰੀ ਲੈਣੀ ਚਾਹੋ ਤਾਂ ਤੇਰੀ ਪੁਸਤਕ **''ਗੁਰਬਾਣੀ ਦੀ ਕਸਵੱਟੀ ਤੇ ਪੌਰਾਣਕ ਕਥਾਵਾਂ ਦਾ ਅੰਤ'',** ਪੜ ਲੈਣੀ।

ਸਤਿਗੁਰੂ ਸਾਹਿਬ ਜੀ ਨੇ ਗੁਰਬਾਣੀ ਉਪਦੇਸ਼ ਰਾਹੀਂ, ਗੱਜ ਵੱਜਕੇ ਬ੍ਰਾਹਮਣੀ ਪ੍ਰੰਪਰਾਵਾਂ ਨੂੰ ਇਕ ਵੱਡਿਓਂ ਰੱਦ ਕੀਤਾ ਹੈ। ਇਹਨਾਂ ਪਾਖੰਡ ਕਰਮਾਂ ਦੇ ਮੂਲ ਸ੍ਰੋਤ ਵੇਦਾਂ ਨੂੰ ਮੂਲੋਂ ਨਕਾਰਿਆ ਹੈ। ਰਾਮਾਇਣ ਤੇ ਮਹਾਂਭਾਰਤ ਨੂੰ ਪਰੇ ਸੁੱਟ ਦਿੱਤਾ ਹੈ। ਗੀਤਾ ਅਤੇ ਅਠਾਰਾਂ ਪੁਰਾਣਾ, ਨਿਕੰਮੇ ਸਿੱਧ ਕੀਤੇ ਹਨ। ਮੰਨੂ ਸਿਮ੍ਰਿਤੀ ਦੀਆਂ ਜੜਾਂ ਪੁੱਟ ਦਿੱਤੀਆਂ ਹਨ। ਭਰਮਾਂ ਵਿਚ ਪਾਕੇ, ਲੁੱਟਕੇ ਖਾਣ ਵਾਲੇ ਪੁਜਾਰੀ ਟੋਲੇ ਨੂੰ ਡੂੰਘੇ ਟੋਏ ਵਿਚ ਦਫਨ ਕੀਤਾ ਹੈ। ਫਿਰ ਇਹਨਾਂ ਵੱਲੋਂ ਲਿਖੀਆਂ ਤੇ ਪ੍ਰਚਾਰੀਆਂ ਕਹਾਣੀਆਂ, ਗੁਰਮਤ ਵਿਚ ਪ੍ਰਵਾਨ ਕਿਵੇਂ ਹੋ ਸਕਦੀਆਂ ਹਨ? ਗੁਰਬਾਣੀ ਨੇ ਇਸੇ ਮੌਜੂਦਾ ਜੀਵਨ ਨੂੰ, ਬੰਧਨ ਮੁਕਤ ਤੇ ਸੁਖੀ ਬਣਾਉਣਾ ਲੋਚਿਆ ਹੈ, ਨਾਕਿ ਕੋਈ ਅਗਲੇ ਜਨਮਾਂ ਦੇ ਲਾਰੇ ਲਾਏ ਹਨ। ਕੁਝ ਸ਼ਬਦਾਵਲੀ ਗੁਰਬਾਣੀ ਵਿਚ ਅਜੇਹੀ ਵਰਤੀ ਗਈ ਹੈ ਕਿ ਡੂੰਘੀ ਖੋਜ ਤੋਂ ਬਗੈਰ, ਕਿਸੇ ਅਸੂਲ ਬਾਰੇ ਫੈਸਲਾ ਸੁਣਾ ਦੇਣਾ ਵਾਜਬ ਨਹੀਂ। ਜੇ ਇਕ ਥਾਵੇਂ ਪਾਠਕ ਨੂੰ ਗੁਰਬਾਣੀ ਵਿਚੋਂ ਆਵਾਗਵਣ ਦੀ ਪ੍ਰੋੜਤਾ ਹੁੰਦੀ ਮਹਿਸੂਸ ਹੋ ਰਹੀ ਹੈ ਤਾਂ ਕਿਸੇ ਹੋਰ ਥਾਵੇਂ ਆਵਾਗਵਣ ਦਾ ਸਪਸਟ ਵਿਰੋਧ ਲਿਖਿਆ ਮਿਲ ਜਾਵੇਗਾ। ਗੁਰੂ ਸਾਹਿਬ ਆਪਣੇ ਵਿਚਾਰਾਂ ਦੀ ਖੁਦ ਹੀ ਕਾਟ ਕਰ ਸਕਣਗੇ? ਨਹੀਂ ਜੀ ! ਇਹ ਸਾਡੀ ਸਮਝ ਦੀ ਕਮੀ ਹੈ। ਕਿਸੇ ਹੋਰ ਥਾਂ ਵਾਲੇ ਗੁਰਬਾਣੀ ਪ੍ਰਮਾਣ ਨੂੰ ਵਿਚਾਰਕੇ ਕੋਈ ਕੇਂਦਰੀ ਨਿਰਣਾ ਲਿਆ ਜਾਣਾ ਚਾਹੀਦਾ ਹੈ। ਆਓ ਹੁਣ ਇਕ ਇਕ ਕਰਕੇ

ਪੌਰਾਣਕ ਲੁੱਟ ਵਿਧੀਆਂ ਦੀ ਚੀਰ ਫਾੜ ਕਰੀਏ ਅਤੇ ਵੇਖੀਏ ਸਾਡੇ ਸਿੱਖ ਲੇਖਕ, ਪੁਜਾਰੀ (ਜੱਥੇਦਾਰਾਂ) ਤੇ ਪ੍ਰਚਾਰਕ, ਕਿਨਾ ਅਣਹੋਈਆਂ ਜਾਂ ਮਨੋਕਲਪਿਤ ਕਹਾਣੀਆਂ ਨੂੰ ਸਿੱਖਾਂ ਦੇ ਮੱਥੇ ਮੜ੍ਹ ਰਹੇ ਹਨ। ਨਾਲ ਹੀ ਪਾਵਨ ਗੁਰਬਾਣੀ ਦੇ **''ਹੁਕਮਨਾਮੇ''** ਦੀ ਉਲੰਘਣਾ ਭੀ ਕਰ ਰਹੇ ਹਨ।

**ਲੋਕ** : ''ਲੋਕ ਦਾ ਅਰਥ ਹੈ ਸੰਸਾਰ ਦਾ ਹਿੱਸਾ ਜਾਂ ਭਾਗ। ਇਸ ਨੂੰ ਭਵਨ ਭੀ ਕਿਹਾ ਗਿਆ ਹੈ। ਪੁਰਾਣ ਸਾਹਿਤ ਵਿਚ ਸਾਧਾਰਣ ਤੌਰ ਤੇ ਲੋਕਾਂ ਦੀ ਗਿਣਤੀ ਤਿੰਨ ਮੰਨੀ ਜਾਂਦੀ ਹੈ - **ਸਵਰਗਲੋਕ, ਪ੍ਰਿਥਵੀ ਲੋਕ ਤੇ ਪਾਤਾਲ ਲੋਕ।** ਕਈ ਹਾਲਤਾਂ ਵਿਚ ਇਹਨਾਂ ਦੀ ਗਿਣਤੀ ਚੌਦਾਂ ਕੀਤੀ ਗਈ ਹੈ। ਇਹਨਾਂ ਵਿਚੋਂ ਸਤ ਲੋਕ ਉਪਰ ਤੇ ਸਤ ਹੇਠਾਂ ਮੰਨੇ ਗਏ ਹਨ। ਚੌਦਾਂ ਲੋਕ ਇਹ ਹਨ - ਭੂਲੋਕ, ਭੁਵਲੋਕ, ਸਵਰਗ ਲੋਕ, ਮਹਲੋਕ, ਜਨਲੋਕ, ਤਪੋਲੋਕ, ਤੇ ਸਤਯਲੋਕ, ਹੇਠਾਂ ਵਾਲੇ ਸੱਤਲੋਕ ਇਹ ਦੱਸੇ ਹਨ - ਅਤਲ ਲੋਕ, ਵਿਤਲ ਲੋਕ, ਸੁਤਲ ਲੋਕ, ਰਸਾਤਲ ਲੋਕ, ਤਲਾਤਲ ਲੋਕ, ਮਹਾਤਲ ਲੋਕ ਅਤੇ ਪਾਤਾਲ ਲੋਕ।

ਇਸ ਤੋਂ ਇਲਾਵਾ ਸ਼ਿਵ ਪੁਰਾਣ ਮੁਤਾਬਕ ਲੋਕ ਹੋਰ ਹਨ - ਪ੍ਰਿਥਵੀ ਲੋਕ, ਸੂਰਜ ਲੋਕ, ਚੰਦਰਲੋਕ, ਨਛੱਤਰ ਲੋਕ, ਸੁੱਕਰ ਲੋਕ, ਬੁੱਧ ਲੋਕ, ਭੌਮ ਲੋਕ, ਬ੍ਰਹਸਪਤੀ ਲੋਕ, ਛਨਿੱਚਰ ਲੋਕ ਆਦਿ। ਇਹਨਾਂ ਤੋਂ ਉਪਰ ਕਰਮਵਾਰ ਇਹ ਲੋਕ ਹਨ੍ ਸਪਤ ਰਿਸ਼ੀ ਲੋਕ, ਧਰੁਵਲੋਕ, ਮਹ ਲੋਕ, ਜਨ ਲੋਕ, ਤਪ ਲੋਕ ਅਤੇ ਸਤਿਅ ਲੋਕ। ਸਿੱਖ ਧਰਮ ਵਿਚ ਲੋਕ ਦੀ ਪਰੰਪਰਾਗਤ ਅਤੇ ਪੌਰਾਣਕ ਮਾਨਤਾਵਾਂ ਨੂੰ ਪ੍ਰਵਾਨਗੀ ਨਹੀਂ ਹੈ। ਪਰ ਸਮਾਜ ਵਿਚ ਸਵਰਗ ਤੇ ਪਤਾਲ ਦੀਆਂ ਗਲਾਂ ਪ੍ਰਚਲਤ ਹਨ। ( ਸਿੱਖ ਪੰਥ ਵਿਸ਼ਵ ਕੋਸ਼-ਰ.ਸ. ਜੱਗੀ ਪੰਨਾ 1565)

**ਵਿਚਾਰ :** ਪਾਠਕ ਜਨੋ ! ਇਹਨਾਂ ਸਾਰੇ ''ਲੋਕਾਂ'' ਦੀ ਹੋਂਦ ਬਾਰੇ ਕੋਈ ਸਬੂਤ ਨਹੀਂ ਇਕ ਵੱਡਿਉਂ ਝੂਠ ਦੇ ਅੰਬਾਰ ਹਨ। ਕੋਈ ਸਮਝਦਾਰ ਇਨਸਾਨ ਇਹਨਾਂ ਗਪੌੜਾਂ ਤੇ ਵਿਸ਼ਵਾਸ਼ ਕਿਉਂ ਕਰੇਗਾ? ਬ੍ਰਾਹਮਣ ਲਿਖਾਰੀਆਂ ਵਲੋਂ ਇਹਨਾਂ ਬੱਤੀ ''ਲੋਕਾਂ'' ਦੀ ਅਗੋਂ ਬੜੀ ਅਨੁਪਮ ਵਿਆਖਿਆ ਕੀਤੀ ਹੋਈ ਹੈ। ਜਦੋਂ ਕਿ ਇਹ ਹਵਾ ਵਿਚ ਤਲਵਾਰਾਂ ਮਾਰਨ ਵਾਲੀ ਗੱਲ ਹੈ। ਖੁਦ ਅੰਨੇ ਮਨੁੱਖ, ਅਖੌਤੀ ਧਰਮ ਪੁਸਤਕਾਂ ਰਾਹੀਂ, ਸਮਾਜ ਨੂੰ ਦੇਵ ਲੋਕ ਦਾ ਰਾਹ ਦਸ ਰਹੇ ਹਨ। ਪੁਰਾਣਕ ਬ੍ਰਾਹਮਣੀ ਸੋਚ ਵਿਚ ਢਲੇ ਲੇਖਕ ਤੇ ਪ੍ਰਚਾਰਕ, ਬੇ ਖੌਫ ਗੁਰੂ ਦੀ ਹਾਜਰੀ ਵਿਚ ਇਸ ਕੁਫਰ



ਨੂੰ ਭੋਲੀਆਂ ਸੰਗਤਾਂ ਦੇ ਅੰਤਸ਼ਕਰਣ ਵਿਚ ਧਕੇਲੀ ਜਾ ਰਹੇ ਹਨ।

**ਨਿਹਕੰਟਕੁ ਨਿਹਕੇਵਲੁ ਕਹੀਐ ।।ਧਨੰਜੈ ਜਲਿ ਥਲਿ ਹੈ ਮਹੀਐ ।।**

**ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ।। (1083)**

**ਆਵਾਗਵਣ + ਆਵਾਗੌਣ**- ਇਸ ਦਾ ਸ਼ਬਦੀ ਅਰਥ ਹੈ, ਆਵਾਜਾਈ, ਆਣਾ ਜਾਣਾ। ਧਾਰਮਕ ਖੇਤਰ ਵਿਚ ਇਸਦਾ ਅਰਥ ਹੈ, ਕਰਮਾਂ ਦੇ ਫਲ ਅਨੁਸਾਰ ਸੰਸਾਰ ਵਿਚ ਜਨਮ ਲੈਣਾ ਅਤੇ ਮਰਨਾ। ਇਸ ਮਾਨਤਾ ਦਾ ਮੂਲ, ''ਕਰਮ'' ਹੈ। ਕਰਮ (ਕੀਤੇ ਹੋਏ ਚੰਗੇ ਮੰਦੇ ਕੰਮ) ਦਾ ਫਲ, **ਹਿੰਦੂ ਮਤ ਅਨੁਸਾਰ,** ਅਵੱਸ਼ ਭੋਗਣਾ ਪੈਂਦਾ ਹੈ। ਇਸਨੂੰ ਕਰਮ ਬੰਧਨ ਕਿਹਾ ਜਾਂਦਾ ਹੈ। ਇਸ ਵਿਚੋਂ ਨਿਕਲਣਾ ਸੌਖਾ ਨਹੀਂ, ਕਿਉਂਕਿ ਇਸਦਾ ਪ੍ਰਭਾਵ ਅਨਾਦਿ ਹੈ।

ਸਵੇਤਾ ਸਵਰਤਰ ਉਪਨਿਸ਼ਦ (5'7) ਵਿਚ ਦੱਸਿਆ ਗਿਆ ਹੈ ਕਿ ਜੀਵਆਤਮਾ ਗੁਣਾਂ ਨਾਲ ਬੰਨਿਆ ਹੋਇਆ ਫਲ-ਦਾਇਕ ਕੰਮ ਕਰਦਾ ਹੈ। ਉਸ ਦੇ ਕੀਤੇ ਹੋਏ ਕਰਮਾਂ ਦਾ ਭੋਗ ਕਰਨ ਲਈ, ਵੱਖ-ਵੱਖ ਤਰ੍ਹਾਂ ਦੇ ਰੂਪਾਂ ਵਾਲੀਆਂ ਜੂਨਾਂ ਵਿਚ ਗਮਨ ਕਰਦਾ ਹੈ। ਇਕ ਕਰਮ ਤੋਂ ਦੂਜੇ ਕਰਮ ਦੀ ਲੜੀ ਅਟੁੱਟ ਹੈ। ਕਰਮ-ਫਲ ਨੂੰ ਭੋਗਣ ਲਈ ਜੀਵ ਆਤਮਾ ਦਾ ਦੇਹ ਨਾਲ ਸਬੰਧਤ ਹੋਣਾ 'ਜਨਮ ਹੈ। ਇਕ ਨਿਸਚਿਤ ਸਮੇਂ ਉਤੇ ਪੰਜ ਭੂਤਕ ਦੇਹ ਜਾਂ ਸਰੀਰ ਦਾ ਨਸ਼ਟ ਹੋਣਾ ਮੌਤ ਹੈ। ਜਨਮ ਮਰਨ ਨੂੰ ਪ੍ਰਾਪਤ ਹੋਣ ਵਾਲੀਆਂ ਉਤਮ ਅਤੇ ਨੀਚ, ਕੁੱਲ 84 ਲੱਖ ਜੂਨਾਂ ਹਨ। ਇਹਨਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨ ਉਤਮ ਹੈ। ਚੰਗੇ ਕੰਮਾਂ ਰਾਹੀਂ ਜੀਵ ਉਤਮ ਜੂਨ ਵਿਚ ਤੇ ਬੁਰੇ ਕੰਮਾਂ ਰਾਹੀਂ ਨੀਵੀਂ ਜੂਨ ਵਿਚ ਜਨਮ ਲੈਂਦਾ ਹੈ। ਇਹ ਸਰੀਰ ਬਦਲਣ ਦੀ ਕਿਰਿਆ, ਸਦਾ ਚਲਦੀ ਰਹਿੰਦੀ ਹੈ। ਇਸੇ ਨੂੰ **''ਆਵਾਗਵਣ''** ਕਿਹਾ ਜਾਂਦਾ ਹੈ। ਇਸਾਈ ਮਤ ਤੇ ਇਸਲਾਮ ਆਦਿ ਧਰਮਾਂ ਵਾਲੇ ਇਸ ਆਵਾਗਵਣ ਵਾਲੇ ਸਿਧਾਂਤ ਨੂੰ ਨਹੀਂ ਮੰਨਦੇ। 'ਸਿੱਖ ਪੰਥ ਵਿਸ਼ਵ ਕੋਸ਼ ਡਾ. ਰ.ਸ. ਜੱਗੀ ਪੰਨਾ 123)

**ਵਿਚਾਰ:** ਉਪਰ ਵਰਨਣ ਕੀਤੇ ਗਏ ਗੋਰਖ ਧੰਦੇ ਨੂੰ ਪਾਠਕਾਂ ਨੇ ਪੜ੍ਹ ਲਿਆ ਹੈ। ਇਹਨਾਂ ਕੁਫਰ ਕਹਾਣੀਆਂ ਦਾ ਕੋਈ ਸਿਰਾ ਨਹੀਂ ਲਭਦਾ। ਗੁਰਮਤ ਨਾਲ ਇਹਨਾਂ ਦਾ ਦੂਰ ਦਾ ਭੀ ਕੋਈ ਲਗਾਉ ਨਹੀਂ ਹੈ। ਗੁਰਬਾਣੀ ਵਿਚ ਅਣਗਿਣਤ ਵਾਰੀ ਇਹਨਾਂ ਝੂਠੀਆਂ ਮਾਨਤਾਵਾਂ ਨੂੰ ਰੱਦ ਕੀਤਾ ਗਿਆ ਹੈ। ਪਰ ਸਿੱਖਾਂ ਦਾ ਬਹੁਗਿਣਤੀ ਪ੍ਰਚਾਰਕ

ਲਾਣਾ **''ਕਾਂਸ਼ੀ ਵਿਚਲੀ ਬਿਪਰੀ ਵਿਦਿਆ ਦਾ ਦੀਵਾਨਾ''** ਹੋ ਕੇ ਸਿੱਖ ਧਰਮ ਦੀਆਂ **''ਬੰਧਨ ਮੁਕਤ''** ਸੁੰਦਰ ਮਾਨਤਾਵਾਂ ਨੂੰ ਕੱਖੋਂ ਹੌਲੀਆਂ ਕਰ ਰਿਹਾ ਹੈ। ਕਹਿੰਦੇ ਹਨ ਕਿ ਇਨਸਾਨ ਨੂੰ ਬੁਰੇ ਕੰਮਾਂ ਤੋਂ ਵਰਜ ਕੇ ਚੰਗੇ ਪਾਸੇ ਲਾਉਦ ਲਈ, ਜੇ ਭੈੜੀਆਂ ਜੂਨਾਂ ਜਾਂ ਨਰਕ ਆਦਿ ਦਾ ਡਰ ਦਿੱਤਾ ਜਾਵੇ ਤਾਂ ਕੀ ਬੁਰਾਈ ਹੈ? ''ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ'' ਦੀ ਕਹਾਵਤ ਮੁਤਾਬਕ ਇਹ ਜੂਨਾਂ ਦਾ ਭੈ ਸੁਧਾਰ ਵਾਸਤੇ ਨਹੀਂ, ਸਗੋਂ ਲੁੱਟ ਕੇ ਖਾਣ ਲਈ ਹੈ। ਜਿਸ ਭਾਰਤ ਦੇਸ਼ ਵਿਚ ਇਹ ਕਹਾਣੀਆਂ ਥੋਕ ਵਿਚ ਪ੍ਰਚਲਤ ਹਨ, ਉਸੇ ਦੇਸ਼ ਵਿਚ ਸਭ ਤੋਂ ਵੱਧ ਧੋਖੇ ਲੁੱਟਾਂ ਕਤਲ, ਬਲਾਤਕਾਰ ਤੇ ਰਿਸ਼ਵਤਾਂ ਚੱਲ ਰਹੀਆਂ ਹਨ। ਸਿਤਮ ਇਹ ਕਿ ਆਮ ਲੋਕ ਹੀ ਨਹੀਂ ਰਾਜ ਨੇਤਾ ਹੀ ਨਹੀਂ, ਸਗੋਂ ਧਰਮ ਦੇ ਮਖੌਟਿਆਂ ਵਾਲੇ, ਚਮਕਦੇ ਧਾਰਮਕ ਚੋਲਿਆਂ ਵਾਲੇ, ਵੱਡੇ ਧਰਮ ਅਸਥਾਨਾਂ ਦੇ ਮੁਖੀ ਨਰਕਾਂ ਦਾ ਦਹਿਲ ਪਾਉਣ ਵਾਲੇ, ਖੁਦ ਅਤੀ ਸ਼ਰਮਨਾਕ ਕਾਰੇ ਕਰਦੇ ਆ ਰਹੇ ਹਨ।

ਜੇ ਇਕ ਸਕਿੰਟ ਲਈ ਸਵੀਕਾਰ ਕਰ ਲਈਏ ਕਿ ਜੂਨੀ ਚੱਕਰ ਦੇ ਡਰ ਕਾਰਨ, ਮਨੁੱਖ ਮੰਦੇ ਕੰਮ ਨਹੀਂ ਕਰੇਗਾ ਤਾਂ ਕੀੜੇ ਕਾਢੇ, ਡੱਡੂ ਮੱਛੀਆਂ, ਗਾਂ ਮੱਝ, ਖੋਤਾ, ਸ਼ੇਰ ਚੀਤਾ ਆਦਿ ਕਦੋਂ ''ਚੰਗੇ ਕੰਮ ਕਰਦੇ ਹਨ?'' ਜਾਂ ਅੱਜ ਤੱਕ ਇਹਨਾਂ ਜੀਵਾਂ ਨੂੰ ਕਿਸੇ ਨੇ ਭਗਤੀ ਤਪੱਸਿਆ ਜਾਂ ਦਾਨ ਪੁੰਨ ਕਰਦੇ ਵੇਖਿਆ ਹੈ ? ਚਲੀਹੇ ਕਟਦਿਆਂ, ਮੰਤਰ ਜਾਪ ਕਰਦਿਆਂ, ਸਮਾਧੀਆਂ ਲਾਉਂਦਿਆਂ ਜਾਂ ਸਿਮਰਣ ਕਰਦਿਆਂ ਕਿਸੇ ਜੀਵ ਨੂੰ ਵੇਖਿਆ ਹੈ ? ਫਿਰ ਇਹਨਾਂ ਪਾਖੰਡੀ ਪ੍ਰਚਾਰਕਾਂ ਤੋਂ ਭਰੇ ਇਕੱਠਾਂ ਵਿਚ ਜੁਆਬ ਤਲਬੀ ਕਰਕੇ ਕਿਉਂ ਨਾ ਪੁੱਛਿਆ ਜਾਵੇ ? ਦੱਸੋ ਇਹ ਪਸ਼ੂ ਪੰਛੀ ਮਨੁੱਖਾ ਜੂਨ ਵਲ ਕਿਵੇਂ ਪਹੁੰਚਦੇ ਹਨ ? ਸਾਰੀਆਂ ਜੂਨਾਂ ਵਿਚੋਂ ਨੀਵੀਂ ਜੂਨ ਕਿਹੜੀ ਹੈ ? ਕਰਮਵਾਰ ਉਸ ਤੋਂ ਉਪਰਲੀ ਚੰਗੀ ਜੂਨ ਕਿਵੇਂ ਪ੍ਰਾਪਤ ਹੁੰਦੀ ਹੈ ? ਇਸ ਤਰ੍ਹਾਂ ਦਾ ਨਿਰਣਾ ਕਰਨ ਲਈ ਕੀ ਪੈਮਾਨਾ ਮਿਥਿਆ ਜਾਂਦਾਹੈ? ਫਿਰ ਕੀ ਨਿਰੰਕਾਰ ਤੋਂ ਗਲਤੀ ਹੋ ਗਈ ਕਿ ਉਸ ਨੇ ਬੇਅੰਤ **''ਨਖਿੱਧ''** ਜੂਨਾਂ ਪੈਦਾ ਕਰ ਦਿਤੀਆਂ ? ਰੱਬ ਨੇ ਇਹਨਾਂ ਪੁਜਾਰੀਆਂ ਨੂੰ ਕੋਈ ਅਜਿਹਾ ਅਧਿਕਾਰ ਪੱਤਰ ਦਿੱਤਾ ਹੈ। ਜਿਸ ਦੀ ਬਦੌਲਤ ਇਹ ਲੋਕ, ਜਿਸ ਨੂੰ ਦਿਲ ਚਾਹੇ **''ਨਰਕਾਂ ਦਾ ਕੀੜਾ''** ਘੋਸ਼ਿਤ ਕਰ ਦੇਣ? ਜਦੋਂ ਦਿਲ ਕਰੇ ਕਿਸੇ ਨੂੰ **''ਸਵਰਗ ਦਾ ਰਾਜਾ''** ਹੋਣ ਦਾ ਐਲਾਨ ਕਰ ਦੇਣ?



ਜੇ ਹੋਰ ਬਹੁਤ ਸਾਰੇ ਕੰਮਾਂ ਨੂੰ ਧਰਮ ਮੁਖੀਆਂ ਨੇ ''ਬੁਰੇ ਕੰਮ'' ਐਲਾਨਿਆ ਹੋਇਆ ਹੈ, ਤਾਂ ਕੀ ਝੂਠ ਬੋਲਣਾ, ਸਿੱਧੇ ਸਾਦੇ ਲੋਕਾਂ ਨੂੰ ਗੁਮਰਾਹ ਕਰਨਾ, ਭਰਮਾ ਵਿਚ ਪਾ ਕੇ ਲੁੱਟ ਕੇ ਖਾਣਾ, ਪਾਪ ਕਰਮ ਨਹੀਂ? ਖੁਦ ਹੱਥੀ ਕਿਰਤ ਨਾ ਕਰਨੀ, ਨਰਕਾਂ ਦੇ ਡਰਾਵੇ ਦੇ ਕੇ ਦੂਜਿਆਂ ਦੀ ਕਮਾਈ ਨੂੰ ਡਕਾਰ ਜਾਣਾ, ਪਾਪ ਕਰਮ ਨਹੀਂ ? ਖੁਦ ਨੂੰ ਮਹਾਂ ਧਰਮੀ ਅਤੇ ਉਚੇ ਦੱਸਣਾ, ਪਰ ਦੂਜਿਆਂ ਨੂੰ ਪਾਪੀ ਤੇ ਨੀਵੇ ਗਰਦਾਨਣਾ, ਕੀ ਪਾਪ ਕਰਮ ਨਹੀਂ ਹੈ? ਫਿਰ ਜੇ ਕੋਈ ਹੋਰ ਨਰਕ ਕਿਤੇ (ਕਥਿਤ) ਹੈ ਤਾਂ ਉਸ ਨਰਕ ਵਿਚ ਇਹਨਾਂ ਹੀ ਕੁਕਰਮੀਆਂ ਨੂੰ ਨਹੀਂ ਸੁਟਿਆ ਜਾਣਾ ਚਾਹੀਦਾ ? ਆਪਣੇ ਆਪ ਨੂੰ ਰੱਬ ਦਾ ਰੂਪ, ਬ੍ਰਹਮਗਿਆਨੀ 108, ਵਿਦਿਆ ਮਾਰਤੰਡ ਅਖਵਾਉਣ ਵਾਲਿਆਂ ਲਈ ਹੀ 84 ਲੱਖ ਜੂਨਾਂ ਨਹੀਂ ਉਡੀਕ ਰਹੀਆਂ ? ਆਮ ਇਨਸਾਨ ਅਜਿਹੇ ਬੱਜਰ ਪਾਪ ਕਰ ਹੀ ਨਹੀਂ ਸਕਦਾ, ਜਿੰਨੇ ਵੱਡੇ ਗੁਨਾਹ ਇਹ ਅਖੌਤੀ ਧਰਮੀ ਲੋਕ ਕਰਦੇ ਹਨ।

ਆਰੀਅਨ ਲੋਕਾਂ ਨੇ ਪੰਜ ਕੁ ਹਜਾਰ ਸਾਲ ਪਹਿਲਾਂ ਭਾਰਤ ਤੇ ਹਮਲੇ ਕਰਨੇ ਸ਼ੁਰੂ ਕੀਤੇ। ਇੱਥੋਂ ਦੇ ਛੋਟੇ ਰਾਜੇ ਉਹਨਾਂ ਦੀਆਂ ਮਕਾਰੀਆਂ, ਪਲ ਪਲ ਦੀਆਂ ਬੇਈਮਾਨੀਆਂ ਅੱਗੇ ਹਾਰਦੇ ਚਲੇ ਗਏ। ਆਹਮੋ ਸਾਹਮਣੇ ਦੀ ਜੰਗ ਵਿਚ ਜੋ ਕਤਲੋ ਗਾਰਤ ਹੁੰਦੀ ਹੈ, ਉਸਤੋਂ ਲਗਪਗ ਸਾਰੇ ਵਾਕਫ ਹੀ ਹਨ। ਹਾਰੀਆਂ ਹੋਈਆਂ ਕੌਮਾਂ ਤੇ ਜੇਤੂ ਦਰਿੰਦੇ, ਜੋ ਅਥਾਹ ਜੁਲਮ ਕਰਦੇ ਹਨ, ਉਹ ਬਿਆਨ ਨਹੀਂ ਕੀਤੇ ਜਾ ਸਕਦੇ। ਇਥੋਂ ਦੀ ਪੂਰੀ ਦਰਾਵੜ ਸਭਿਅਤਾ, ਮਿੱਟੀ ਵਿਚ ਮਿਲਾ ਦਿੱਤੀ ਗਈ। ਧਰਮ ਅਸਥਾਨ ਤਬਾਹ ਕਰ ਦਿੱਤੇ ਗਏ। ਬੀਬੀਆਂ ਬੱਚਿਆਂ ਨੂੰ ਗੁਲਾਮ ਬਣਾ ਲਿਆ ਗਿਆ। ਸਭ ਤਰ੍ਹਾਂ ਦੀ ਜਾਇਦਾਤ ਖੋਹ ਲਈ ਗਈ। ਹਾਰੇ ਹੋਏ ਲੋਕਾਂ ਦੀ ''ਕਿਸਮਤ'' ਵਿਚ ਸਦਾ ਲਈ ਭੁੱਖਾ ਨੰਗਾ (ਸ਼ੂਦਰ) ਰਹਿਣਾ ਲਿਖ ਦਿੱਤਾ ਗਿਆ। ਜੋ ਅੱਜ ਭੀ ਬਾਦਸਤੂਰ ਜਾਰੀ ਹੈ। ਜੇ ਸੱਚ ਮੰਨ ਲਈਏ ਕਿ ਬੁਰੇ ਕੰਮਾਂ ਤੋਂ ਬਾਦ ਮਨੁੱਖ 84 ਲੱਖ ਜੂਨਾਂ ਭੋਗਦਾ ਹੈ। ਜਾਂ ਫਿਰ ਨਰਕਾਂ ਦੇ ਤਸੀਹੇ ਝਲਦਾ ਹੈ। ਫਿਰ ਗੌਰ ਫੁਰਮਾਓ। ਉਹ ਭਿਆਨਕ ਕਸ਼ਟ ਅਤੇ ਕੁੰਭੀ ਨਰਕ ਆਰੀਅਨ ਲੋਕਾਂ ਨੂੰ ਕਿਉਂ ਨਾ ਮਿਲੇ ? ਭਾਰਤ ਦਾ ਬ੍ਰਾਹਮਣ, ਅਸਲ ਵਿਚ ਬਦੇਸ਼ ਵਿਚੋਂ ਆਇਆ ਆਰੀਅਨ ਨਸਲ ਵਾਲਾ ਹੈ। ਹਿੰਦੁਸਤਾਨ ਦੇ ਹਰ ਇਕ ਪੁਰਾਤਨ ਗ੍ਰੰਥ ਵਿਚ

ਇਹਨਾਂ ਨੂੰ **''ਆਰੀਅਨ''** ਲਿਖਿਆ ਹੋਇਆ ਹੈ। ਇਹ ਬ੍ਰਾਹਮਣ (ਆਰੀਅਨ) ਅੱਜ ਤਕ ਖੁਦ ਸਾਰੇ ''ਪਾਪਾਂ'' ਤੋਂ ਪਾਕ ਹਨ। ਇਹਨਾਂ ਵੱਲੋਂ ਲਿਤਾੜੇ ਪਛਾੜੇ ਗਏ ਲੋਕ, ਅਜੇ ਭੀ ''ਪਾਪੀ'' ਹਨ? ਵਾਹ ਕਿਆ ਲਾਜੁਆਬ ਇਨਸਾਫ ਹੈ ?

ਗੋਰਿਆਂ ਨੇ ਇੰਗਲੈਂਡ ਤੋਂ ਉਠ ਕੇ ਅਮ੍ਰੀਕਾ ਨੂੰ ਆਪਣੀ ਬਸਤੀ ਬਣਾ ਲਿਆ। ਉਥੋਂ ਦੇ ਅਸਲ ਵਸਨੀਕ **''ਰੈਡ ਇੰਡੀਅਨਜ਼''** ਨੂੰ ਆਪਣੇ ਗੁਲਾਮ ਬਣਾ ਲਿਆ। ਹੌਲੀ ਹੌਲੀ ਉਹਨਾਂ ਦੀ ਨਸਲ ਖਾਤਮੇ ਦੇ ਨੇੜੇ ਪੁਚਾ ਦਿੱਤੀ ਗਈ। ਅੱਜ ਉਹ ਲੋਕ ਗੋਰਿਆਂ ਲਈ ਕੇਵਲ ਮਨੋਰੰਜਨ ਦਾ ਸਾਧਨ ਹਨ। ਦੂਰ ਬਸਤੀਆਂ ਵਿਚ ਧੱਕ ਦਿੱਤੇ ਗਏ ਹਨ। ਗੋਰਿਆਂ ਨੂੰ ਇਸ ਜੁਲਮ ਦਾ ਕੋਈ ਪਾਪ ਨਹੀਂ ਲੱਗਿਆ। ਕੈਨੇਡਾ ਉਤੇ ਗੋਰਿਆਂ ਨੇ ਕਬਜਾ ਕਰ ਲਿਆ। ਉਥੋਂ ਦੀ ਹਰ ਕੀਮਤੀ ਵਸਤੂ ਗੋਰਿਆਂ ਦੇ ਪੈਰਾਂ ਥੱਲੇ ਹੈ। ਕੈਨੇਡਾ ਦੀ ਅਸਲ ਸਭਿਅਤਾ ਖਤਮ ਕਰ ਦਿੱਤੀ ਗਈ। ਗੋਰਿਆਂ ਨੂੰ ਫਿਰ ਭੀ ਕੋਈ ਪਾਪ ਨਹੀਂ ਚਿੰਬੜਿਆ। ਆਸਟ੍ਰੇਲੀਆ ਅਤੇ ਨਿਊਜੀਲੈਂਡ ਤੇ ਕਬਜਾ ਕਰਕੇ, ਉਥੋਂ ਦੀ ਅਸਲੀ ਵਸਨੀਕ ਜਿੰਦਗੀ ਨੂੰ, ਨੇਸਤੋ ਨਾਬੂਦ ਕਰ ਦਿੱਤਾ ਗਿਆ। ਅੰਗ੍ਰੇਜਾਂ ਨੂੰ ਤਦੋਂ ਭੀ ਕੋਈ ਪਾਪ ਨਾ ਲੱਗਿਆ। ਤਿੰਨ ਸੌ ਸਾਲ ਤੱਕ ਭਾਰਤ ਨੂੰ ਲੁੱਟ ਕੇ ਗੋਰਿਆਂ ਖਾ ਲਿਆ। ਇਥੇ ਕੀਤੇ ਗਏ ਅਤਿਆਚਾਰਾਂ ਦਾ ਇਹਨਾਂ ਨੂੰ ਪਾਪ ਨਾ ਲੱਗਾ। ਅਫਰੀਕਾ ਵਿਚੋਂ ਕਾਲਿਆਂ ਨੂੰ ਲਿਆ ਕੇ, ਮੰਡੀਆਂ ਵਿਚ ਵੇਚਿਆ ਗਿਆ। ਜਾਨਵਰਾਂ ਵਾਂਗ ਉਹਨਾਂ ਤੋਂ ਕੰਮ ਕਰਵਾਇਆ ਗਿਆ। ਤਦੋਂ ਭੀ ਕਿਸੇ ਪਾਪ ਨੇ ਅੰਗ੍ਰੇਜਾਂ ਦੀ ਲੱਤ ਨਾ ਭੰਨੀ। ਅਰਬ ਮੁਲਕਾਂ ਦਾ ਸੋਨਾ (ਤੇਲ) ਗੋਰਿਆਂ ਨੇ ਖੂਬ ਲੁੱਟਿਆ। ਜੇ ਇਰਾਕ ਨੇ ਜਰਾ ਅੱਖਾਂ ਵਿਖਾਈਆਂ ਤਾਂ ਫੌਜਾਂ ਚਾਹੜ ਕੇ ਸਪੁਰਦੇ ਖਾਕ ਕਰ ਦਿੱਤਾ। ਇਰਾਨ ਤੇ ਹਮਲੇ ਦੀ ਤਿਆਰੀ ਹੋ ਰਹੀ ਹੈ। ਇਹਨਾਂ ਗੁੰਡਾ ਗਰਦੀਆਂ ਦਾ ਗੋਰਿਆਂ ਨੂੰ ਕਦੀ ਪਾਪ ਨਹੀਂ ਲੱਗਾ। ਇਹ ਪਾਪ ਹਮੇਸ਼ਾਂ ਕਮਜੋਰਾਂ ਨੂੰ ਲਗਦਾ ਹੈ। ਕਮਜੋਰ ਧਿਰਾਂ ਇਸੇ ਜੀਵਨ ਵਿਚ, ਅਤੇ ਆਉਣ ਵਾਲੀਆਂ ਨਸਲਾਂ ਦੇ ਭਵਿੱਖ ਵਿਚ (ਜਿਸਨੂੰ ਅਗਲਾ ਜਨਮ ਕਹਿ ਸਕਦੇ ਹਾਂ) ਸਦਾ ਗੁਲਾਮੀ ਦੇ ਦੁੱਖ ਸਹਿੰਦੀਆਂ ਹਨ।

ਖੁਦਾ ਨਾ ਖਾਸਤਾ ਜੇ ਕਿਤੇ ਗੁਰੂ ਨਾਨਕ ਸਾਹਿਬ ਜੀ ਇਹ ਸੋਚ ਲੈਂਦੇ **''ਐ ਭਾਰਤ ਵਾਸੀਓ ! ਅਣਪੜਤਾ, ਗਰੀਬੀ ਬਿਮਾਰੀਆਂ, ਜਾਤ ਪਾਤ, ਤੇ ਗੁਲਾਮੀ**



**ਤੁਹਾਡੀ ''ਕਿਸਮਤ'' ਵਿਚ ਲਿਖੀ ਹੋਈ ਹੈ। ਕਿਉਂਕਿ ਤੁਸੀਂ ਪਿਛਲੇ ਜਨਮਾਂ ਵਿਚ ''ਪਾਪ'' ਕੀਤੇ ਸਨ। ਇਸ ਜਨਮ ਵਿਚ ਕੀਤੇ ''ਪਾਪਾਂ'' ਦੀ ਸਜਾ ਤਾਂ ਤੁਹਾਨੂੰ ਸਵੀਕਾਰ ਕਰਨੀ ਹੀ ਪਵੇਗੀ। ਤੁਹਾਡੀ ਜਿੰਦਗੀ ਵਿਚ ਕੋਈ ਬਦਲਾਓ ਨਹੀਂ ਆ ਸਕਦਾ।''** ਗੁਰੂ ਸਾਹਿਬਾਨ ਨੇ ਦਿਨ ਰਾਤ ਮੇਹਨਤ ਕੀਤੀ। ਸਿੱਖਾਂ ਨੇ ਮੌਤ ਨੂੰ ''ਮਖੌਲਾਂ'' ਕੀਤੀਆਂ। ਸਿਆਣਪ ਅਤੇ ਦਲੇਰੀ ਨਾਲ, ਲੰਮੀ ਜੰਗ ਲੜੀ, ਤਾਂ ਕਿਧਰੇ ਤਿੰਨ ਸੌ ਸਾਲ ਮਗਰੋਂ, ਸਿੱਖਾਂ ਦੀ **''ਕਿਸਮਤ''** ਵਿਚੋਂ ਗੁਲਾਮੀ ਕੱਢੀ ਜਾ ਸਕੀ। ਨਹੀਂ ਤਾਂ **''ਪਿਛਲੇ ਜਨਮਾਂ''** ਦੀਆਂ ਗਲਤੀਆਂ ਦੀ ਸਜਾ ਭੁਗਤ ਰਹੇ ਸਨ।

ਹੁਣ ਅਗਲੇ ਹਿੱਸੇ ਵਿਚ ਅਸੀਂ ਗੁਰਬਾਣੀ ਵਿਚੋਂ ਪ੍ਰਮਾਣਾਂ ਦੀ ਅਗਵਾਈ ਵਿਚ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ''ਆਵਾਗਵਣ'' ਦਾ ਕੁਚੱਕਰ ਕੀ ਹੈ ? ਕਰਮ ਸਿਧਾਂਤ ਨੂੰ ਮੰਨਣ ਵਾਲੇ ਇਸ ਗਲ ਦਾ ਜੁਆਬ ਨਹੀਂ ਦੇ ਸਕੇ 'ਨਾ ਦੇ ਸਕਣਗੇ) ਕਿ ਜਦੋਂ ਸ੍ਰਿਸ਼ਟੀ ਸਾਜੀ ਗਈ ਸੀ, ਉਸ ਸਮੇਂ ਸਭ ਤੋਂ ਪਹਿਲਾਂ ਚੰਗਾ ਮੰਦਾ ਨਾ ਕੰਮ ਸੀ, ਨਾ ਕੋਈ ਜੀਵ ਸੀ। ਪਹਿਲੀ ਵਾਰੀ ਕਿੰਨ੍ਹਾਂ ਗੁਣਾਂ ਨੂੰ ਵੇਖਕੇ, ਨਿਰੰਕਾਰ ਨੇ ਮਨੁਖਾ ਦੇਹੀ ਦਿੱਤੀ? ਕਿਹੜੇ ਪਾਪ ਕਰਮਾਂ ਦੀ ਸਜਾ ਦੇਣ ਲਈ ਰੁਖ ਬਿਰਖ ਕੀੜੇ, ਕਾਢੇ, ਪਸ਼ੂ ਪੰਛੀ, ਇਹਨਾਂ ਮੰਦੀਆਂ ਜੂਨਾਂ ਵਿਚ ਪਾ ਦਿੱਤੇ ? ਅਜਿਹੀ ''ਬੇਇਨਸਾਫੀ'' ਰੱਬ ਜੀ ਨੇ ਕਿਸ ਅਧਾਰ ਤੇ ਕੀਤੀ?

**ਜਬ ਕਛੁ ਨ ਸੀਓਂ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ।।**
**ਅਪਨਾ ਖੇਲੁ ਆਪਿ ਕਰਿ ਦੇਖੈ, ਠਾਕੁਰਿ ਰਚਨ ਰਚਾਇਆ।।(748)**

ਸਤਿਗੁਰੂ ਸਪਸ਼ਟ ਆਖ ਰਹੇ ਹਨ ਕਿ ਸਭ ਕੁਝ ''ਸੁੰਨ'' ਵਿਚੋਂ ਪੈਦਾ ਹੋਇਆ ਹੈ।

**ਸੁੰਨਹੁ ਖਾਣੀ ਸੁੰਨਹੁ ਬਾਣੀ।। ਸੁੰਨਹੁ ਉਪਜੀ ਸੁੰਨ ਸਮਾਣੀ।।**
**ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ।। (1037)**

ਚਲੋ ਸਤਿਗੁਰੂ ਜੀ ਤੋਂ ਇਹ ਪੁਛੀਏ ਕਿ ਸੰਸਾਰ ਬਣਿਆ ਫਿਰ ਕਿਵੇਂ ਹੈ?

**ਸਚੇ ਤੇ ਪਵਨਾ ਭਇਆ, ਪਵਨੈ ਤੇ ਜਲ ਹੋਇ।।**
**ਜਲ ਤੇ ਤ੍ਰਿਭਵਣ ਸਾਜਿਆ, ਘਟਿ ਘਟਿ ਜੋਤਿ ਸਮੋਇ।।(19)**

ਹੇ ਭਾਈ ! ਨਿਰੰਕਾਰ ਦੇ ਨਿਅਮ ਮੁਤਾਬਕ, ਉਸੇ ਤੋਂ ਹਵਾ (ਗੈਸਾਂ) ਪੈਦਾ ਹੋਈ। ਹਵਾ ਤੋਂ ਵਾਤਾਵਰਣ ਬਣਿਆ, ਪਾਣੀ ਪੈਦਾ ਹੋਇਆ। ਪਾਣੀ ਤੋਂ ਤਿੰਨੇ ਤਰ੍ਹਾਂ ਦੇ ਜੀਵ ਆਪਣੇ ਵਿਕਾਸ ਕਰਮ ਮੁਤਾਬਕ ਪੈਦਾ ਹੋਏ। ਪਾਣੀ ਦੇ ਜੀਵ, ਧਰਤੀ ਤੇ ਚੱਲਣ ਵਾਲੇ ਜੀਵ ਅਤੇ ਉਡਣ ਵਾਲੇ ਪੰਛੀ ਆਦਿਕ।

ਫਿਰ ਰੱਬ ਜੀ ਦੀ ਕਿਰਪਾ ਤਾਂ ਰਾਖਵੀ ਹੈ ਹੀ। ਪਰ ਜੀਵ ਦੇ ਪੈਦਾ ਹੋਣ ਦੀ ਵਿਧੀ ਕੀ ਹੈ ?

**ਸਾਕਤ ਨਿਰਗੁਣ ਆਰਿਆ ਆਪਣਾ ਮੂਲ ਪਛਾਣੁ।।**
**ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।।**
**ਪਵਨੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।। (63)**

ਹੇ ਨਾ ਸਮਝ ਜੀਵ। ਆਪਣੇ ਅਸਲੇ ਨੂੰ ਪਛਾਣ ਕਿ ਤੂੰ ਸਾਗਰ ਅਤੇ ਬੂੰਦ ਵਾਲੇ ਰਿਸਤੇ ਵਾਂਗ ਨਿਰੰਕਾਰ ਦੀ ਅੰਸ ਹੈ। ਤੇਰਾ ਸਰੀਰ ਪਿਤਾ ਦੇ ਬੀਜ ਤੋਂ ਅਤੇ ਮਾਤਾ ਦੇ ਖ਼ੂਨ ਤੋਂ ਤਿਆਰ ਹੋਇਆ ਹੈ। ਇਸ ਸਰੀਰ ਦੇ ਅੰਦਰ ਅਗਨੀ ਹੈ ਜੋ ਇਸਨੂੰ ਚਲਦਾ ਰੱਖਣ ਵਿਚ ਸਹਾਇਤਾ ਕਰਦੀ ਹੈ। ਪਰ ਯਾਦ ਰੱਖੀਂ ਤੂੰ ਮੌਤ ਦੇ ਬਹੁਤ ਕਰੀਬ ਹੈ। ਤੇਰੇ ਸਰੀਰ ਨੂੰ ਸੁਆਸ ਰੂਪੀ ਹਵਾ ਚਲਾ ਰਹੀ ਹੈ। ਅਕਾਲ ਪੁਰਖ ਦਾ ਅਟੱਲ ਨਿਅਮ (ਸਰੀਰ ਦੇ ਚੱਲਣ ਦੀ ਵਿਧੀ) ਤੇਰੇ ਤੇ ਸਦਾ ਲਾਗੂ ਰਹੇ ਗਾ। ਇਸ ਸੱਚੇ ਅਸੂਲ ਨੂੰ ਸਮਝ ਕੇ ਜੀਵਨ ਬਸਰ ਕਰੀਂ।

ਮਨੁਖਾ ਜੀਵਨ ਦਾ ਅਸਲੀ ਮਕਸਦ ਸੀ ਸੰਸਾਰ ਵਿਚ ਜਿੰਮੇਵਾਰੀਆਂ ਚੰਗੇ ਰੇ ਢੰਗ ਨਾਲ ਨਿਭਾਈਆਂ ਜਾਣ। ਸਮਾਜ ਵਿਚੋਂ ਵੈਰ ਵਿਰੋਧ, ਲੁੱਟ ਖਸੁੱਟ (ਇਨਸਾਨੀਅਤ ਵਿਰੋਧੀ ਸਾਰੇ ਕੰਮ) ਆਦਿ ਖਤਮ ਕਰਨ ਵਿਚ ਯੋਗਦਾਨ ਪਾਉਣਾ। ਹੋਇਆ ਇਹ ਕਿ ਗੁਰਬਾਣੀ ਦੀ ਸੋਝੀ ਤੋਂ ਬਿਨਾ, **''ਕੱਚੇ ਪਿੱਲੇ''** ਲੇਖਕਾਂ ਤੇ ਪ੍ਰਚਾਰਕਾਂ ਨੇ ''ਅਗਲੇ ਪਿਛਲੇ'' ਜਨਮ ਦਾ ਅਜਿਹਾ ਤਾਣਾ ਬਾਣਾ ਉਸਾਰਿਆ ਕਿ ਆਮ ਵਿਅਕਤੀ ਡੋਰ ਭੌਰ ਜਿਹਾ ਹੋਇਆ ਸੋਚਦਾ ਹੀ ਰਹਿ ਜਾਂਦਾ ਹੈ ਕਿ ਆਹ ਜੀਵਨ ਤਾਂ ਫਿਰ ਫਜ਼ੂਲ ਹੀ ਹੈ? ਜੇ ਗਰੀਬੀ ਹੈ, ਬਿਮਾਰੀ ਹੈ, ਅਣਪੜਤਾ ਹੈ ਗੁਲਾਮੀ ਹੈ, ਕਿਉਂ ਹੈ? ਪੁਜਾਰੀ ਦਸਦਾ ਹੈ ਤੁਹਾਡੇ ਪਿਛਲੇ ਜਨਮਾਂ ਵਿਚ ਕੀਤੇ ਪਾਪਾਂ ਕਾਰਨ ਤੁਸੀਂ ਦੁੱਖ ਭੋਗ ਰਹੇ ਹੋ। ਇਸ ਜਨਮ ਵਿਚ ਪੁਜਾਰੀ (ਧਰਮ ਮੁਖੀ ਸਾਧ ਸੰਤ) ਦੀ



ਜੀਅ ਜਾਨ ਨਾਲ ਸੇਵਾ ਕਰੋ। ਪੁਜਾਰੀਆਂ ਦੇ ਦੱਸੇ ਢੰਗਾਂ ਮੁਤਾਬਕ ਕੁੱਝ ਪਾਠ ਜਾਪ ਮੰਤਰ ਮਾਲਾ ਚਲੀਹੇ ਕਰੋ। ਇਸਦੇ ਨਾਲ ਵੱਧ ਤੋਂ ਵੱਧ ''ਦਾਨ'' ਕਰੋ। ਇਸ ਦਾਨ ਵਿਚ ਹੋਰ ਵਸਤੂਆਂ ਦੇ ਨਾਲ ਆਪਣੀ ਜੁਆਨ ਤੇ ਸੁੰਦਰ ਪਤਨੀ, ਭੈਣ ਤੇ ਬੇਟੀ ਭੀ **''ਦਾਨ''** ਕਰ ਦਿਓ। ਹੋ ਸਕਦਾ ਹੈ। ਪੁਜਾਰੀ ਪ੍ਰਸੰਨ ਹੋਕੇ, ਪਰਮੇਸਰ ਅੱਗੇ ਤੁਹਾਡੀ ਸਿਫਾਰਸ ਕਰ ਦੇਵੇ। ਉਸ ਸਿਫਾਰਸ ਨਾਲ ਅਗਲੇ ਜਨਮਾਂ ਵਿਚ ਤੁਹਾਡੇ **''ਪਾਪ''** ਬਖਸ਼ੇ ਜਾਣ। ਮੁੜ ਤੁਹਾਡੇ ਤੇ ਕੋਈ ਮੁਸੀਬਤ ਨਾ ਆਵੇ''...। ਆਹ ਕੀਮਤੀ ਮਨੁਖਾ ਜਨਮ ਤਾਂ ਬੇਕਾਰ ਹੀ ਚਲਾ ਗਿਆ।

**ਕਹਾ ਤੇ ਆਇਆ ਕਹਾਂ ਏਹ ਜਾਣੁ।।**
**ਜੀਵਤ ਮਰਤ ਰਹੈ ਪਰਵਾਣੁ।।(1289)**

ਸਤਿਗੁਰੂ ਜੀ ਤਾਂ ਸਮਝਾ ਰਹੇ ਹਨ ਕਿ ਕੀ ਪਤਾ ਇਹ ਜੀਵ ਕਿਥੋਂ ਆਇਆ ? ਕੀ ਪਤਾ ਮਰਨ ਤੋਂ ਬਾਦ ਇਸਨੇ ਕਿਥੇ ਚਲੇ ਜਾਣਾ ਹੈ? ਇਸ ਜੀਵ ਦਾ ਸਹੀ ਮਕਸਦ ਸੀ, ਜਨਮ ਤੋਂ ਲੈ ਕੇ ਮਰਨ ਤਕ ''ਭਲੇ ਕੰਮ'' ਕਰਦਿਆਂ, ਇਸੇ ਜੀਵਨ ਨੂੰ ਸਫਲ ਕਰਨਾ। ਬਣਾ ਦਿੱਤਾ ਗਿਆ ਹੈ ਇਹ ਕਿ ਜੀਵਨ ਵਿਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਘੱਟੋ ਘੱਟ ਅਗਲੇ ਜਨਮ ਤਕ ਉਡੀਕ ਤਾਂ ਕਰਨੀ ਹੀ ਪਵੇਗੀ।

**ਪੁਛਿ ਨ ਸਾਜੇ, ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ।।**
**ਆਪਣੀ ਕੁਦਰਤਿ ਆਪੇ ਜਾਣੈ, ਆਪੇ ਕਰਣੁ ਕਰੇਇ।।(53)**

ਹੇ ਭਾਈ ! ਕੀ ਪਤਾ ਇਹ ਸਿਲਸਲਾ ਕਿਵੇਂ ਚਲਦਾ ਹੈ? ਪਰਮੇਸਰ ਜੀਵਾਂ ਨੂੰ ਪੁੱਛ ਕੇ ਤਾਂ ਕੋਈ ਕੰਮ ਕਰਦਾ ਨਹੀਂ। ਉਸਨੇ ਪੁੱਛ ਕੇ ਸਰੀਰ ਤਿਆਰ ਨਹੀਂ ਕੀਤਾ। ਪੁੱਛ ਕੇ ਖਤਮ ਨਹੀਂ ਕਰਨਾ। ਇਸ ਅਟੱਲ ਕਾਨੂੰਨ ਨੂੰ ਉਹ ਖੁਦ ਹੀ ਜਾਣਦਾ ਹੈ। ਸਾਰੀ ਸ਼ਕਤੀ ਉਸੇ ਦੇ ਵਸ ਵਿਚ ਹੈ।

**ਪੰਚ ਤਤੁ ਮਿਲਿ ਦੇਹੀ ਕਾ ਆਕਾਰਾ।।**
**ਘਟਿ ਵਧਿ ਕੋ ਕਰੈ ਬੀਚਾਰਾ।। (1128)**

ਹੇ ਭਾਈ ! ਨਿਰੰਕਾਰ ਦੇ ਬਣਾਏ ਅਸੂਲਾਂ ਮੁਤਾਬਕ ਪੰਜਾਂ ਤੱਤਾਂ (ਮਿੱਟੀ, ਪਾਣੀ, ਅੱਗ, ਹਵਾ ਤੇ ਅਕਾਸ਼) ਤੋਂ ਸਰੀਰ ਦੀ ਰਚਨਾ ਹੋਈ ਹੈ। ਸਾਰੇ ਸਰੀਰਾਂ

ਵਿਚ ਇਹੀ ਨਿਅਮ ਕੰਮ ਕਰ ਰਿਹਾ ਹੈ। ਵਿਚਾਰ ਕਰਕੇ ਵੇਖ ਲਓ, ਕੋਈ ਘਾਟ ਵਾਧ ਨਹੀਂ ਮਿਲੇਗੀ।

**ਕਰਿ ਸੰਜੋਗ ਬਨਾਈ ਕਾਛ।।**

**ਤਿਸੁ ਸੰਗਿ ਰਹਿਓ ਇਆਨਾ ਰਾਚਿ।। (890)**

ਹੇ ਭਾਈ ! ਰੱਬ ਨੇ ਵੱਖੋ ਵਖਰੇ ਤੱਤਾਂ ਨੂੰ ਮਿਲਾ ਕੇ ਸਰੀਰ ਦੀ ਸਿਰਜਣਾ ਕੀਤੀ ਹੈ। ਇਸ ਦੇਹੀ ਦੁਆਰਾ ਚੰਗੇ ਕੰਮ ਕਰਨ ਲਈ ਪੈਦਾ ਕੀਤਾ ਹੈ। ਵੇਖੋ ਮਨੁੱਖ ਦੀ ਨਾ ਸਮਝੀ। ਖਾਣ ਪੀਣ ਪਹਿਨਣ ਵੇਖਣ ਸੁਣਨ ਆਦਿਕ ਦੇ ਸਰੀਰਕ ਸੁਆਦਾਂ ਵਿਚ ਉਲਝ ਕੇ ਰਹਿ ਗਿਆ। ਆਪਣੀਆਂ ਜਿੰਮੇਵਾਰੀਆਂ ਵਿਸਾਰ ਦਿੱਤੀਆਂ।

**ਗੁਰ ਸੇਵਾ ਤੇ ਭਗਤ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।**

**ਇਸ ਦੇਹੀ ਕਉ ਸਿਮਰਹਿ ਦੇਵ।। ਸੋ ਦੇਹੀ ਭਜੁ ਹਰਿ ਕੀ ਸੇਵ।।**

**ਭਜਹੁ ਗੋਬਿੰਦ ਭੂਲਿ ਮਤ ਜਾਹੁ।। ਮਾਨਸ ਜਨਮ ਕਾ ਏਹੀ ਲਾਹੁ।। ਰਹਾਉ।। (1159)**

ਹੇ ਭਾਈ ! ਗੁਰੂ ਦੇ ਬਖਸ਼ੇ ਉਪਦੇਸ਼ ਮੁਤਾਬਕ (ਭਗਤੀ) ਵਿਕਾਰ ਰਹਿਤ ਸਵੱਛ ਜੀਵਨ ਬਤੀਤ ਕੀਤਾ। ਗੁਰੂ ਦੀ ਮੱਤ ਲੈ ਕੇ ਹੀ ਅਸਲੀ ਇਨਸਾਨ ਹੋਣ ਦੀ ਸੋਝੀ ਪ੍ਰਾਪਤ ਹੋਈ। ਸਰੀਰ ਕਰਕੇ ਭਾਵੇਂ ਪਹਿਲਾਂ ਇਨਸਾਨ ਸਾਂ। ਪਰ ਆਚਰਣ ਪੱਖੋਂ ਇਨਸਾਨੀਅਤ ਤੋਂ ਬਹੁਤ ਨੀਵਾਂ, ਨਿਰਾ ਪਸ਼ੂ ਵਰਗਾ ਸਾਂ। ਅਜਿਹਾ ਗੁਣਵਾਨ ਹੋਣਾ ਹੀ ਦੇਵਤਾ ਹੋਣਾ ਹੈ। ਜੇ ਸਹੀ ਮਾਹਿਨਿਆਂ ਵਿਚ ਦੇਵਤੇ ਬਣਨਾ ਚਾਹੁੰਦੇ ਹੋ ਤਾਂ ਗੁਣ ਧਾਰਨ ਕਰੋ। ਕਿਉਂਕਿ ਮਨੁਖਾ ਜੋਨੀ ਦੁਆਰਾ ਹੀ ਅਨੇਕ ਪਰਉਪਕਾਰ ਕੀਤੇ ਜਾ ਸਕਦੇ ਹਨ। ਹੋਰ ਜੂਨਾਂ ਵਾਲੇ ਪਸ਼ੂ ਪੰਛੀਆਂ, ਡੱਡਾਂ ਮੱਛੀਆਂ ਨੂੰ ਗੁਣਵਾਨ ਬਣਨ ਦੀ ਸੋਝੀ ਨਹੀਂ ਹੈ। ਇਸ ਲਈ ਸਦਾ ਨਿਰੰਕਾਰ ਨੂੰ ਯਾਦ ਰੱਖਣਾ। ਮਨੁੱਖਾ ਜਨਮ ਦਾ ਇਹੀ ਵੱਡਾ ਲਾਭ ਹੈ। ਇਸ ਨੂੰ ਐਵੇ ਨਾ ਗੁਆ ਦੇਣਾ।

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ।।**

**ਘਟ ਭੀਤਰਿ ਤੂ ਦੇਖੁ ਬਿਚਾਰਿ।। (1159)**

ਜਿਸ ਇਕ ਸ਼ਬਦ ਦੀਆਂ ਅਧੂਰੀਆਂ ਪੰਕਤੀਆਂ ਦੇ ਹਵਾਲੇ ਦੇ ਕੇ ਜੂਨੀ ਚੱਕਰ ਨੂੰ ਮਾਨਤਾ ਦੇਣ ਦਾ ਹਠ ਕੀਤਾ ਜਾ ਰਿਹਾ ਹੈ, ਆਉ ਉਸ ਦੀ ਵਿਚਾਰ ਕਰ ਲਈਏ

**ਕਈ ਜਨਮ ਭਏ ਕੀਟ ਪਤੰਗਾ।। ਕਈ ਜਨਮ ਗਜ ਮੀਨ ਕੁਰੰਗਾ।।**



**ਕਈ ਜਨਮ ਪੰਖੀ ਸਰਪ ਹੋਇਓ।। ਕਈ ਜਨਮ ਹੈਵਰ ਬਿਰਖ ਜੋਇਓ।।**

**ਮਿਲੁ ਜਗਦੀਸ ਮਿਲਨ ਕੀ ਬਰੀਆ।। ਚਿਰੰਕਾਲ ਇਹ ਦੇਹ ਸੰਜਰੀਆ।। ਰਹਾਉ।।**

**ਕਈ ਜਨਮ ਸੈਲ ਗਿਰਿ ਕਰਿਆ।। ਕਈ ਜਨਮ ਗਰਭ ਹਿਰਿ ਖਰਿਆ।।**

**ਕਈ ਜਨਮ ਸਾਖ ਕਰਿ ਉਪਾਇਆ।। ਲਖ ਚਉਰਾਸੀਹ ਜੋਨਿ ਭ੍ਰਮਾਇਆ।।**

**ਸਾਧ ਸੰਗਿ ਭਇਓ ਜਨਮੁ ਪਰਾਪਤਿ।। ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ।।**

**ਤਿਆਗਿ ਮਾਨੁ ਝੂਠ ਅਭਿਮਾਨੁ।। ਜੀਵਤ ਮਰਹਿ ਦਰਗਹ ਪਰਵਾਨੁ।।**

**ਜੋ ਕਿਛੁ ਹੋਆ ਸੁ ਤੁਝ ਤੇ ਹੋਗੁ।। ਅਵਰੁ ਨ ਦੂਜਾ ਕਰਣੈ ਜੋਗੁ।।**

**ਤਾਂ ਮਿਲੀਐ ਜਾਂ ਲੈਹਿ ਮਿਲਾਇ।। ਕਹੁ ਨਾਨਕ ਹਰਿ ਹਰਿ ਗੁਣ ਗਾਇ।। (176)**

ਹੇ ਭਾਈ।। (ਪਹਿਲਾਂ ਰਹਾਉ ਵਾਲਾ ਬੰਦ ਵਿਚਾਰਾਂਗੇ) ਇਹ ਮਨੁੱਖਾ ਜਨਮ ਪ੍ਰਭੂ ਨੂੰ ਯਾਦ ਰੱਖਣ ਲਈ ਹੈ, ਜੀਵਨ ਸੰਵਾਰਨ ਲਈ ਹੈ। ਲੰਮੇ ਸਮੇਂ ਦੀ ਭਟਕਣ ਤੋਂ ਬਾਦ ਤੈਨੂੰ ਗੁਰੂ ਦੀ ਚੰਗੀ ਮੱਤ ਮਿਲੀ ਹੈ, ਵਿਅਰਥ ਨਾ ਗੰਵਾ ਦੇਵੀਂ । ਰਹਾਉ।। ਤੂੰ ਤਾਂ ਕੀੜਿਆਂ ਪਤੰਗਿਆਂ ਵਰਗਾ ਸੈਂ। ਤੂੰ ਹਾਥੀ ਵਰਗਾ ਮਸਤ, ਮੱਛੀ ਵਰਗਾ ਚੰਚਲ, ਤੇ ਹਿਰਨ ਵਰਗਾ ਨਾਦ (ਆਵਾਜ+ਰਾਗ) ਤੇ ਜਾਨ ਗਵਾ ਦੇਣ ਵਾਲਾ ਸੈਂ। ਤੂੰ ਪੰਛੀਆਂ ਵਰਗਾ, ਸੱਪਾਂ ਵਰਗਾ, ਖਤਰਨਾਕ ਸੀ। ਤੂੰ ਲੰਮੇ ਸਮੇਂ ਤਕ ਘੋੜੇ ਵਰਗਾ ਤੇਜ ਦੌੜਾਕ ਰਿਹਾ। ਤੇ ਫਿਰ ਮਾਨੋ ਬਿਰਖੁ ਵਾਂਗ ਜੜ ਵਸਤੂ ਬਣ ਕੇ ਖਲੋ ਹੀ ਗਿਆ। ਤੂੰ ਤਾਂ ਹੇ ਭਾਈ ! ਨਿਰਾ ਪੱਥਰ ਬੁੱਧੀ ਵਾਲਾ ਹੀ ਬਣਿਆ ਰਿਹਾ। ਪਹਾੜ ਦੀ ਨਿਆਈ ਇਕ ਥਾਂ ਬਿਨਾਂ ਵਿਕਾਸ ਤੋਂ ਰੁਕਿਆ ਰਿਹਾ । ਕਈ ਵਾਰੀ ਝੱਟ ਪੱਟ ਡੋਲ ਜਾਂਦਾ ਰਿਹਾ, ਜਿਵੇਂ ਮਾਂ ਦੇ ਗਰਭ ਵਿਚ ਹੀ ਬੱਚਾ ਖਤਮ ਹੋ ਜਾਂਦਾ ਹੈ। ਤੇਰੇ ਵਿਚ ਕਦੀ ਕਦੀ ਹਰੀਆਂ ਟਾਹਣੀਆਂ ਜਿੰਨੀ ਕੁ ਖੁਸੀ ਹਰਿਆਲੀ ਆਈ। ਇਸ ਤਰ੍ਹਾਂ ਲੱਖਾਂ ਜੀਵਾਂ ਵਰਗਾ ਤੇਰਾ ਸੁਭਾ ਬਦਲਦਾ ਰਿਹਾ। ਅਗਿਆਨਤਾ ਦੇ ਕਾਰਣ ਭਟਕਣਾ ਵਿਚ ਪਿਆ; ਰਿਹਾ। ਜਦੋਂ ਗੁਰੂ ਦੀ ਸੰਗਤ ਕੀਤੀ। ਭਰਾਵਾਂ ਭੈਣਾਂ ਨੂੰ ਪਿਆਰ ਗਲਵਕੜੀ ਵਿਚ ਲਿਆ। ਗੁਰੂ ਤੋਂ ਜੀਵਨ ਸੁਧਾਰਨ ਵਾਲਾ ਉਪਦੇਸ਼ ਪ੍ਰਾਪਤ ਕੀਤਾ ਤਾਂ ਸਮਝੋ ਗੁਰੂ ਦੇ ਘਰ ਨਵਾਂ ਜਨਮ ਹੋ ਗਿਆ। ਮਤਲਬ ਕਿ ਵਿਕਾਰਾਂ ਵੱਲੋਂ ਮੋੜਕੇ, ਪਸ਼ੂਆਂ ਵਰਗੇ ਨਖਿਧ ਸੁਭਾ ਤੋਂ ਹਟਾਕੇ, ਗੁਣਵਾਨ ਹੋਣ ਦਾ ਅਸਲੀ ਗਿਆਨ ਬਖਸ਼ ਦਿੱਤਾ। ਹੁਣ ਤੈਨੂੰ ਇਨਸਾਨੀ ਗੁਣਾ ਦੀ ਸਮਝ ਆ ਗਈ ਹੈ।

ਗੁਣਵਾਨ ਬਣਕੇ ਪੂਰੇ ਸਮਾਜ ਦੀ ਸੇਵਾ ਕਰ । ਗੁਰੂ ਦੀਮੱਤ ਘਰ ਘਰ ਪੁਚਾ ਦੇਹ। ਪਸ਼ੂਆਂ ਵਰਗੇ ਸੁਭਾ ਵਾਲੇ ਲੋਕਾਂ ਨੂੰ ਠੀਕ ਇਨਸਾਨ ਹੋਣ ਦਾ ਵੱਲ ਸਮਝਾ ਦੇਹ।

ਹਰ ਤਰ੍ਹਾਂ ਦਾ ਝੂਠ ਫਰੇਬ ਹੰਕਾਰ ਮਨ ਵਿਚੋਂ ਤਿਆਗ ਦੇਹ। ਜੇ ਅਪਣੇ ਵਿਕਾਰਾਂ ਨੂੰ ਮਾਰ ਲਵੇ ਤਾਂ ਰੱਬੀ **''ਦਰਗਾਹ''** ਵਿਚ ਪਰਵਾਨ ਹੋਵੇਂਗਾ। ਹੇ ਮਨੁਖ ! ਜੋ ਕੁਝ ਸੰਵਾਰਨਾ ਹੈ ਤੂੰ ਖੁਦ ਸੰਵਾਰਨਾ ਹੈ। ਕਿਸੇ ਹੋਰ ਦੀ ਕੂੜੀ ਆਸ ਨਾ ਲਾਈ ਰੱਖੀ। ਤੇਰੀ ਥਾਂ ਇਹ ਨੇਕ ਕੰਮ ਕਿਸੇ ਹੋਰ ਨੇ ਨਹੀਂ ਕਰਨਾ। ਅਪਣੀ ਡਿਊਟੀ ਠੀਕ ਤਰੀਕੇ ਨਿਭਾ। ਇੰਨਾ ਕੁਝ ਕਰਕੇ ਭੀ ਜੇ ਪਰਮੇਸ਼ਰ ਨੂੰ ਭਾਵੇਂ ਤਾਂ ਆਪਣੇ ਵਿਚ ਸਮਾ ਲਵੇ। ਹੇ ਨਾਨਕ ! ਇਸ ਤਰ੍ਹਾਂ ਨਿਰੰਤਰ ਹਰੀ ਦੇ ਗੁਣ ਗਾਉਂਦੇ ਰਹਿਣਾ। ਕਿਉਂਕਿ ਇਹੀ ਵਧੀਆ ਮੌਕਾ ਹੈ, ਪਰਉਪਕਾਰ ਕਰਨ ਦਾ। ਰੱਬ ਨੂੰ ਯਾਦ ਕਰਨ ਦਾ।

ਸਾਡੇ ਬਹੁ ਗਿਣਤੀ ਲੇਖਕਾਂ/ਪ੍ਰਚਾਰਕਾਂ ਨੇ ਇਸ ਸ਼ਬਦ ਨੂੰ 84 ਲੱਖ ਜੂਨਾਂ ਵਿਚ ਬਦਲ ਕੇ ਬੱਜਰ ਗੁਨਾਹ ਕੀਤਾ ਹੈ। ਆਮ ਸ਼ਰਧਾਵਾਨ ਸਿੱਖ ਨੂੰ ਲਗਾਤਾਰ ਦੇ ਖੌਫ ਵਿਚ ਡੋਬ ਦਿੱਤਾ ਹੈ। ਜੂਨਾਂ ਦਾ ਗੇੜ ਇੰਨਾ ਹਾਵੀ ਹੋ ਗਿਆ ਹੈ ਕਿ ਗੁਰਬਾਣੀ ਦੇ ਅਨਮੋਲ ਬਚਨ, ਮਾਨੋ ਵਿਸਰ ਹੀ ਗਏ ਹਨ। ਜੇ ਬੱਚਾ (ਜਾਂ ਮਾਤਾ) ਗਰਭ ਵਿਚ ਹੀ ਰੋਗ ਗ੍ਰਸਤ ਹੋ ਜਾਵੇ, ਤਾਂ ਵਿਗਿਆਨਕ ਕਾਰਨ ਲੱਭਣ ਦੀ ਥਾਵੇਂ **"ਪਿਛਲੇ ਜਨਮਾਂ ਵਿਚ ਕੀਤੇ ਮਾੜੇ ਕਰਮ ਅੱਗੇ ਆ ਗਏ",** ਕਹਿ ਕੇ ਸਚਾਈ ਤੋਂ ਮੁਨਕਰ ਹੋਇਆ ਜਾਂਦਾ ਹੈ। ਪਾਲਣ ਪੋਸ਼ਣ ਵਿਚਲੀ ਕਮੀ ਕਾਰਨ ਜੇ ਮਨ ਅਤੇ ਸਰੀਰ ਨੇ ਆਮ ਤਰੀਕੇ ਵਿਕਾਸ ਨਾ ਕੀਤਾ ਤਾਂ **''ਪਿਛਲੇ ਜਨਮਾਂ ਦੇ ਪਾਪ''** ਵਿਖਾਈ ਦੇਣ ਲਗਦੇ ਹਨ। ਗਰੀਬੀ ਬਿਮਾਰੀ ਵਪਾਰ ਵਿਚ ਘਾਟਾ, ਰਿਸ਼ਤਿਆਂ ਵਿਚ ਵਿਗਾੜ ਹੜ੍ਹ ਸੋਕਾ ਭੁਚਾਲ ਤੁਫਾਨ ਆਦਿ ਸਾਰਿਆਂ ਨੂੰ ਪਿਛਲੇ ਜਨਮਾਂ ਵਿਚ ਕੀਤੇ ਗੁਨਾਹਾਂ ਨਾਲ ਜੋੜ ਲਿਆ ਜਾਂਦਾ ਹੈ। ਇਸੇ ਲਈ ਭਾਰਤਵਾਸੀ, ਦੁਨੀਆਂ ਵਿਚ ਅਤੀ ਪਛੜੇ ਹੋਏ ਹਨ। ਇਥੇ ਤਾਂ ਸਾਧਾਰਣ ਜਿਹੀ ਗਲਤੀ ਕਾਰਨ, ਗੱਡੀ ਹਦਾਸਾ ਗ੍ਰਸਤ ਹੋ ਜਾਵੇ ਤਾਂ ਉਸ ਚੌਂਕ ਜਾਂ ਮੋੜ ਤੇ ਰਾਮਇਣ ਪਾਠ, ਅਖੰਡ ਪਾਠ ਜਾਂ ਪੀਰ ਜੀ ਦੀ ਕਬਰ ਆਦਿਕ ਉਸਾਰ ਕੇ ਪੂਜਾ ਵਗੈਰਾ ਕਰ ਲਈ ਜਾਂਦੀ ਹੈ। ਐਕਸੀਡੈਂਟ ਕਿਸ ਦੀ ਲਾਪ੍ਰਵਾਹੀ ਕਾਰਨ ਹੋਇਆ, ਕੌਣ ਜਿੰਮੇਵਾਰ ਹੈ।ਉਸ ਵਿਗਾੜ ਨੂੰ ਦੂਰ ਨਾ ਕਰਕੇ,



ਸਗੋਂ ਸੜਕਾਂ ਦੇ ਖਤਾਨਾਂ ਵਿਚ , ਹਰ ਸਾਲ ਅਖੰਡ ਪਾਠ ਰੱਖ ਦਿੱਤੇ ਜਾਂਦੇ ਹਨ। ਵਿਛੜੀ ਆਤਮਾ ਦੀ ਮੁਕਤੀ, ਕਰਨ ਲਈ ਹਰ ਸਾਲ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਪੁਜਾਰੀਆਂ ਨੂੰ ਚੰਗੀ ਚੋਖੀ ਆਮਦਣੀ ਹੋ ਜਾਂਦੀ ਹੈ। ਸੰਗਤਾਂ ਦੇ ਮਨਾਂ ਨੂੰ ਗਹਿਰੀਆਂ ਹਨੇਰੀਆਂ ਖੱਡਾਂ ਵਿਚ ਸੁੱਟ ਦਿੱਤਾ ਜਾਂਦਾ ਹੈ। ਉਹ ਬੇਬਸ ਹੋਏ, ਨਰਕਾਂ ਦੇ ਤਸੀਹਿਆਂ ਤੋਂ ਡਰਦੇ, ਜਮਾਂ ਦੀ ਮਾਰ ਤੋਂ ਬਚਣ ਲਈ, ਪਸ਼ੂ ਪੰਛੀ ਤੇ ਕੀੜੇ ਮੌਕਿੜਆਂ ਦੀਆਂ ਜੂਨਾਂ ਤੋਂ ਬਚਣ ਲਈ ਪੁਜਾਰੀਆਂ ਅੱਗੇ ਆਪਣਾ ਸਭ ਕੁੱਝ **"ਦਾਨ"** ਕਰਨ ਲਈ ਰਾਜੀ ਹੋ ਜਾਂਦੇ ਹਨ। ਬਸ ਕੋਈ ਚੌਰਾਸੀ ਦੇ ਗੇੜ ਵਿਚੋਂ ਕੱਢਣ ਦਾ ਯਕੀਨ ਦੁਆ ਦੇਵੇ। ਇਸੇ ਭਾਵਨਾ ਦਾ ਇਕ ਸ਼ਬਦ ਗੁਰੂ ਗ੍ਰੰਥ ਜੀ ਵਿਚ ਭਗਤ ਤਰਲੋਚਨ ਜੀ ਦਾ ਹੈ। ਇਸ ਸ਼ਬਦ ਦੀ ਭਾਵਨਾ ਨਾਲ ਭੀ ਬਹੁਤ ਅਨਰਥ ਕੀਤਾ ਗਿਆ ਹੈ। ਜਦੋਂ ਕਿ ਇਸ ਰਾਹੀਂ ਮਨੁੱਖੀ ਮਨ ਦੀ ਚੰਚਲਤਾ ਦਾ ਜਿਕਰ ਕੀਤਾ ਗਿਆ ਹੈ। ਪਈ ਜਦੋਂ ਮਨੁੱਖ ਅੰਤਲੀ ਸੀਮਾ ਤਕ, ਕਿਸੇ ਆਦਤ ਦਾ ਸ਼ਿਕਾਰ ਹੋ ਜਾਵੇ। ਲੱਖ ਸਮਝਾਉਣ ਤੇ ਭੀ ਮਨ ਨੂੰ ਬੁਰਾਈ ਵਲੋਂ ਰੋਕ ਨਾ ਸਕੇ। ਸਰੀਰਕ ਅਤੇ ਮਾਨਸਿਕ ਨੁਕਸਾਨ ਉਠਾ ਕੇ ਭੀ, ਵਿਕਾਰਾਂ ਵਲ ਦੌੜਦਾ ਰਹੇ। ਉਸ ਸਥਿਤੀ ਨੂੰ ਇਸ ਸ਼ਬਦ ਵਿਚ ਬਿਆਨ ਕੀਤਾ ਗਿਆ ਹੈ। ਆਓ ਦਰਸ਼ਨ ਕਰੀਏ–

**ਅੰਤਿ ਕਾਲਿ ਜੋ ਲਛਮੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।**
**ਸਰਪ ਜੋਨਿ ਵਲਿ ਵਲਿ ਅਉਤਰੈ।।**
**ਅਰੀ ਬਾਈ ਗੋਬਿੰਦ ਨਾਮ ਮਤਿ ਬੀਸਰੈ।। ਰਹਾਉ।।**
**ਅੰਤਿ ਕਾਲਿ ਜੋ ਇਸਤਰੀ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।**
**ਬੇਸਵਾ ਜੋਨਿ ਵਲਿ ਵਲਿ ਅਉਤਰੈ।।**
**ਅੰਤਿ ਕਾਲਿ ਜੋ ਲੜਿਕੇ ਸਿਮਰੇ, ਐਸੀ ਚਿੰਤਾ ਮਹਿਜੇ ਮਰੈ।**
**ਸੂਕਰ ਜੋਨਿ ਵਲਿ ਵਲਿ ਉਸਤਰੇ**
**ਅੰਤ ਕਾਲਿ ਜੋ ਮੰਦਰ ਸਿਮਰੈ, ਐਸੀ ਚਿੰਤਾ ਮਹਿਜੇ ਮਰੈ।**
**ਪ੍ਰੇਤ ਜੋਨਿ ਵਲਿ ਵਾਲਿ ਅਉਤਰੈ।**
**ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ।।**
**ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰ ਵਾ ਕੇ ਰਿਦੈ ਬਸੈ।।(526)**

ਭਗਤ ਤਿਲੋਚਨ ਜੀ ਦੁਨੀਆਵੀ ਮੋਹ ਵਿਚ ਫਸੇ ਹੋਏ ਅਤੇ ਵਿਕਾਰਾਂ ਵਿਚ ਖਚਿਤ ਹੋਏ ਮਨੁਮੁਖਾਂ ਦਾ ਨਕਸ਼ਾ ਪਾਠਕਾਂ ਸਨਮੁਖ ਰਖਦੇ ਹਨ। ਜਿਹੋ ਜਿਹੇ ਕੰਮ ਆਦਮੀ ਕਰਦਾ ਹੈ, ਉਸੇ ਤਰ੍ਹਾਂ ਦਾ ਉਸਦਾ ਸੁਭਾ ਬਣਦਾ ਚਲਾ ਜਾਂਦਾ ਹੈ। ਸਮਾਂ ਪਾ ਕੇ ਉਹ ਭੈੜੇ ਕੰਮ ਭੀ ਉਸ ਨੂੰ ਚੰਗੇ ਲੱਗਣ ਲਗਦੇ ਹਨ। ਇਸੇ ਲਈ ਮੁੜ ਮੁੜ ਉਹਨਾਂ ਵਿਕਾਰਾਂ ਵਲ ਰੁਚਿਤ ਹੁੰਦਾ ਹੋਇਆ, ਪੂਰੀ ਤਰ੍ਹਾਂ ਪਾਪਾ ਕਰਮਾਂ ਵਿਚ ਗਰਕ ਹੋ ਜਾਂਦਾ ਹੈ।

**ਹੇ ਮਾਂ ! ਕਿਸੇ ਇਨਸਾਨ ਨੂੰ ਪਰਮੇਸ਼ਰ ਭੁਲ ਨਾ ਜਾਵੇ। ਰਹਾਉ।।**

ਨਿਰੰਕਾਰ ਦਾ ਭੁੱਲਣਾ ਹੀ ਸਾਰੇ ਦੁੱਖਾਂ ਦਾ ਮੂਲ ਕਾਰਣ ਹੈ। ਇਨਸਾਨ ਕੁਰਾਹੇ ਪੈ ਕੇ, ਆਪਣੇ ਫਰਜ਼ਾਂ ਤੋਂ ਮੂੰਹ ਮੋੜ ਲੈਂਦੇ ਹਨ। ਅਮੋਲਕ ਮਨੁਖਾ ਜੀਵਨ ਆਪਣਾ ਤਾਂ ਬੇਕਾਰ ਵਿਚ ਗਿਆ ਹੀ ਸੀ। ਸਗੋਂ ਜਿਨ੍ਹਾਂ ਪਿਆਰਿਆਂ ਭਾਈਆਂ ਨਾਲ ਵਾਸਤਾ ਪਿਆ, ਉਹਨਾਂ ਨੂੰ ਭੀ ਕੁਰਾਹੇ ਪਾਉਣ ਵੱਲ ਕੋਈ ਕਸਰ ਨਾ ਛੱਡੀ। ਇਸੇ ਭਾਵਨਾ ਦਾ ਸ਼ਬਦ ਪੜੋ–

**ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ।।**
**ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ।।**
**ਦੂਜੇ ਭਾਇ ਜਾਇ ਜਗੁਪਰਬੋਧੈ, ਬਿਖੁ ਮਾਇਆ ਮੋਹ ਸੁਆਇ।।**
**ਇਤੁ ਕਮਾਣੈ ਸਦਾ ਦੁਖੁ ਪਾਵੈ 'ਜੰਮੈ ਮਰੈ' ਫਿਰਿ ਆਵੈ ਜਾਇ।।**
**ਸਹਸਾ ਮੂਲਿ ਨ ਚੁਕਈ ਵਿਚ ਵਿਸਟਾ ਪਚੈ ਪਚਾਇ।।**
**ਜਿਸਨੋ ਕਿਰਪਾ ਕਰੇ ਮੇਰਾ ਸੁਆਮੀ, ਤਿਸੁ ਗੁਰ ਕੀ ਸਿਖ ਸੁਣਾਇ।।**
**ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ, ਹਰਿ ਨਾਮੋ ਅੰਤਿ ਛਡਾਇ।। (512)**

ਹੇ ਭਾਈ ! ਜਿਸਦੇ ਮਨ ਅੰਦਰ ਬੇਈਮਾਨੀ ਹੋਵੇ, ਉਹ ਮਨਮੁਖ ਹੈ ਅਗਿਆਨੀ ਹੈ, ਝੂਠਾ ਹੈ, ਨਿਤ ਦਿਨ ਝੂਠ ਦੀ ਖੱਟੀ ਖਾਂਦਾ ਹੈ। ਇਸ ਤਰ੍ਹਾਂ ਦੀ ਮਕਾਰੀ ਭਰੀ ਜਿੰਦਗੀ ਰਾਹੀਂ ਨਿਰੰਕਾਰ ਖੁਸ਼ ਨਹੀਂ ਹੁੰਦਾ। ਇਹ ਨਿਤ ਵਰਤੋਂ ਵਿਹਾਰ ਦੀਆਂ ਵਿਚਾਰਾਂ ਹਨ। ਪਿਆਰ ਹੈ ਨਹੀਂ ਅੰਦਰ ਖੋਟ ਹੈ, ਪਰ ਲੋਕਾਂ ਨੂੰ ਫਰੇਬ ਰਾਹੀਂ ਪਤਿਆਉਣਾ ਚਾਹੁੰਦਾ ਹੈ।

ਅਜਿਹਾ ਵਿਅਕਤੀ ਨਿਰਾ ਜ਼ਹਿਰ ਨਾਲ ਭਰਿਆ ਹੁੰਦਾ ਹੈ। ਮਾਇਆ



ਪ੍ਰਾਪਤੀ ਦੀ ਖਾਤਰ ਕਿਸੇ ਤਰ੍ਹਾਂ ਦਾ ਪਾਪ ਕਰਨ ਨੂੰ ਭੀ ਤਿਅਰ ਹੋ ਜਾਂਦਾ ਹੈ। ਅਜਿਹੇ ਮੰਦੇ ਕੰਮਾਂ ਕਾਰਨ, ਸਦਾ ਦੁਖਾਂ ਪ੍ਰੇਸ਼ਾਨੀਆਂ ਵਿਚ ਘਿਰਿਆ ਰਹਿੰਦਾ ਹੈ। ਆਤਮਕ ਪੱਖੋਂ ਨਿਤਦਿਨ ਕਈ ਵਾਰੀ ਮਰਦਾ ਹੈ ਕਈ ਵਾਰੀ ਜੰਮਦਾ ਹੈ। ਇਸ ਤਰ੍ਹਾਂ ਉਸਦੇ ਮੰਦੇ ਚੰਗੇ ਵਿਚਾਰਾਂ ਦਾ ਅਤੇ ਚੰਗੇ ਮੰਦੇ ਜੀਵਨ ਦਾ ਆਵਣਾ ਜਾਣਾ (ਆਵਾਗਵਣ) ਬਣਿਆ ਰਹਿੰਦਾ ਹੈ। ਅਜਿਹੇ ਮਨੁਖ ਦੀਆਂ ਪ੍ਰੇਸ਼ਾਨੀਆਂ ਕਦੀ ਖਤਮ ਨਹੀਂ ਹੁੰਦੀਆਂ। ਮਾਨੋ ਇਹ ਤਾਂ ਨਿਰਾ ਗੰਦਗੀ ਦਾ ਕੀੜਾ ਹੈ, ਵੇਖਣ ਨੂੰ ਭਾਵੇਂ ਮਨੁੱਖ ਨਜਰ ਆਉਂਦਾ ਹੈ। ਜਿਸ ਵਿਅਕਤੀ ਤੇ ਨਿਰੰਕਾਰ ਦੀ ਕਿਰਪਾ ਹੋ ਜਾਵੇ ਉਸਨੂੰ ਗੁਰੂ ਦੀ ਉਤਮ ਸਿੱਖਿਆ ਸੁਣਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਉਹ ਫਿਰ ਗੁਰੂ ਦੀ ਉਤਮ ਮੱਤ ਨੂੰ ਸਦਾ ਚੇਤੇ ਵਿਚ ਰੱਖਕੇ, ਜੀਵਨ ਨੂੰ ਵਿਕਾਰਾਂ ਵੱਲੋਂ ਮੋੜ ਲੈਂਦਾ ਹੈ। ਸਭ ਤੋਂ ਸਿਖਰਲੀ ਤਾਕਤ ਇਹ ਗੁਰੂ ਦਾ ਉਪਦੇਸ਼ ਹੀ ਹੈ ਜੋ ਵਿਕਾਰਾਂ ਅਤੇ ਬੰਧਨਾ ਤੋਂ ਮੁਕਤ ਕਰਵਾ ਸਕਦਾ ਹੈ।

ਇਸੇ ਲਈ ਤਿਲੋਚਨ ਜੀ ਆਖ ਰਹੇ ਹਨ – ਹੇ ਮਾਂ ! ਨਿਰੰਕਾਰ ਦੀ ਯਾਦ ਕਦੀ ਵਿਸਰ ਨਾ ਜਾਵੇ। ਰਹਾਉ। ਜੋ ਇਨਸਾਨ ਪੈਸੇ ਕਾਰਣ ਧਰਮ ਇਮਾਨ ਵੇਚ ਦੇਵੇ। ਵਾਹਿਗੁਰੂ ਨੂੰ ਯਾਦ ਰੱਖਣ ਦੀ ਥਾਵੇਂ ਮਾਇਆ ਦਾ ਹੀ ''ਸਿਮਰਣ'' ਕਰੇ। ''ਚਮੜੀ ਜਾਏ ਪਰ ਦਮੜੀ ਨਾ ਜਾਏ'', ਵਾਲੀ ਹਾਲਤ ਹੋਵੇ। ਧਨ ਸੰਪਤੀ ਇਕੱਠੀ ਕਰਨ ਵਿਚ ਹੀ ਜੀਵਨ ਦਾ ਅੰਤ ਕਰ ਲੈਂਦਾ ਹੈ। ਉਹ ਮਨੁਖ ਨਹੀਂ ਸਮਝਣਾ ਚਾਹੀਦਾ। ਉਹ ਤਾਂ ਮਨੁਖਾ ਦੇਹੀ ਵਿਚ ਜ਼ਹਿਰੀ ਸੱਪ ਹੈ। ਜਦੋਂ ਭੀ ਦਾਅ ਲੱਗੇ, ਪੈਸੇ ਕਾਰਣ ਹਰਇਕ ਨੂੰ ਡੰਗ ਮਾਰਦਾ ਹੈ। ਧੋਖਾ ਦਿੰਦਾ ਹੈ। ਧੋਖਾ ਖਾ ਗਿਆ ਬੰਦਾ ਉਮਰ ਭਰ ਰੋਣ ਜੋਗਾ ਰਹਿ ਜਾਂਦਾ ਹੈ।

ਜਿੰਦਗੀ ਦੀ ਅੰਤਲੀ ਅਵਸਥਾ ਤਕ ਜੋ ਮਨੁੱਖ ਵਾਸ਼ਨਾ ਵਿਚ ਡੁੱਬਿਆ ਰਿਹਾ, ਕੰਧਾਂ ਕੋਠੇ ਟਪਦਾ ਰਿਹਾ, ਪਰਾਏ ਰੂਪ ਤੇ ਮਨ ਡੁਲਾਉਂਦਾ ਰਿਹਾ। ਸਦਾ ਇਹੀ ਫੁਰਨੇ ਮਨ ਵਿਚ ਫੁਰਦੇ ਰਹਿਣ ਪਈ ਕਿਵੇਂ ਕਿਸੇ ਪਰਾਈ ਔਰਤ ਨੂੰ ਆਪਣੇ ਕਾਮ ਜਾਲ ਵਿਚ ਫਸਾਵਾਂ। ਗੁਰਵਾਕ ਹਨ–

**ਪਾਪੀ ਹੀਐ ਮੈ ਕਾਮੁ ਬਸਾਇ।।**
**ਮਨੁ ਚੰਚਲੁ ਯਾ ਤੇ ਗਹਿਓ ਨਾ ਜਾਇ।। (1186)**

ਹੇ ਭਾਈ। ਮਨ ਬੜਾ ਚੰਚਲ ਹੈ। ਮਨ ਵਿਚ ਸਦਾ ਕਾਮ ਵਾਸਨਾ ਉਸਲ ਵੱਟੇ ਲੈਂਦੀ

ਰਹਿੰਦੀ ਹੈ। ਬਹੁਤ ਚਾਲਾਕ ਹੋਣ ਕਰਕੇ ਕਈ ਵਾਰੀ ਪਾਪ ਕਰਮ ਤਾਂ ਕਰ ਜਾਂਦਾ ਹੈ ਪਰ ਫੜਿਆ ਨਹੀਂ ਜਾਂਦਾ। ਜਦੋਂ ਪਕੜਿਆ ਜਾਂਦਾ ਹੈ ਫਿਰ ਕਿਸੇ ਥਾਂ ਮੂੰਹ ਵਿਖਾਣ ਜੋਗਾ ਨਹੀਂ ਰਹਿੰਦਾ। ਭਾਵੇਂ ਵੇਸ਼ਵਾ ਦੀ ਜਿੰਦਗੀ ਸਮਾਜ ਨੇ ਅਤੀ ਨਿੰਦਣ ਯੋਗ ਬਣਾ ਧਰੀ ਹੈ। ਪਰਕਾਮੀ ਮਨੁੱਖ ਖੁਦ ਹੀ ਵੇਸ਼ਵਾ ਹੈ। ਅਜਿਹਾ ਵੇਸ਼ਵਾ ਜੋਨੀ ਵਾਲਾ ਜੀਵਨ ਉਸ ਮਨੁਖ ਤੇ ਹਾਵੀ ਰਹਿੰਦਾ ਹੈ।

ਜੋ ਮਨੁੱਖ ਜਿੰਦਗੀ ਦੇ ਫਰਜ ਭੁਲਾ ਕੇ ਕੇਵਲ ਔਲਾਦ ਤਕ ਸੀਮਤ ਹੋ ਜਾਵੇ, ਤਾਂ ਉਸਦੀ ਜਿੰਦਗੀ ਸਮਝੋ ਬੇਕਾਰ ਚਲੀ ਗਈ। ਬੱਚੇ ਪੈਦਾ ਕਰਨੇ ਤੇ ਪਾਲਣੇ, ਇਹ ਤਾਂ ਪਸ਼ੂਪੁਣਾ ਹੈ। ਮਨੁੱਖ ਆਪਣੇ ਨਿੱਜ ਪ੍ਰਵਾਰ ਤਕ ਸੀਮਤ ਨਾ ਹੋਕੇ, ਸਮਾਜ ਪ੍ਰਤੀ ਆਪਣੇ ਫਰਜ ਭੀ ਨਿਭਾਵੇ। ਵਰਨਾ ਅਜਿਹੇ ਮਨੁੱਖ ਨੂੰ ਸੂਰ ਨਾ ਆਖੀਏ ਤਾਂ ਹੋਰ ਕੀ ਆਖੀਐ? ਜੋ ਬੱਚਿਆਂ ਦੇ ਮੋਹ ਚਿੱਕੜ ਵਿਚ ਫਸਕੇ, ਸਾਰੇ ਫਰਜ ਵਿਸਾਰ ਦਿੰਦਾਹੈ। ਸੰਸਾਰ ਵਿਚ ਪਾਪ ਹੋਣ, ਸਰਕਾਰੀ ਜੁਲਮ ਹੋਣ, ਅਗਿਆਨਤਾ ਹੋਵੇ ਦੇਸ਼ ਗੁਲਾਮ ਹੋਵੇ। ਧੀਆਂ ਭੈਣਾਂ ਦੀ ਬੇਪਤੀ ਹੋਵੇ। ਜੋ ਮਨੁਖ ਅਜਿਹੀ ਦਸ਼ਾ ਵਿਚ ਭੀ ਅੱਖਾਂ ਨਾ ਖੋਹਲੇ। ਸੂਰ ਵਾਂਗੂ ਪੇਟ ਭਰਿਆ ਬੱਚੇ ਪੈਦਾ ਕੀਤੇ ਤੇ ਰੂੜੀ ਦੇ ਢੇਰ ਤੇ ਸੌਂ ਗਿਆ। ਅਜਿਹਾ ਮਨੁਖ ਇਸੇ ਜੀਵਨ ਵਿਚ ਸੂਰ ਨਹੀਂ ਤਾਂ ਹੋਰ ਕੀ ਹੈ ?

ਜੋ ਮਨੁੱਖ ਧਨ ਪਦਾਰਥ ਇਕੱਠਾ ਕਰਦਾ ਹੈ, (ਨਾਜਾਇਜ ਤਰੀਕੇ) ਉਸ ਨੂੰ ਲੇਖੇ ਲਾਉਣ ਵਾਸਤੇ, ਸੁਖ ਸਹੂਲਤਾਂ ਪ੍ਰਾਪਤ ਕਰਨ ਵਾਸਤੇ, ਫਿਰ ''ਸੋਨੇ ਦੇ ਮਹਿਲ'' ਉਸਾਰਦਾ ਹੈ। ਇਕ ਦੋ ਚਾਰ ਕੋਠੀਆਂ ਪਾਉਂਦਾ, ਉਮਰ ਭਰ ਵਧੀਆ ਮਹਿੰਗੀਆਂ ਕੋਠੀਆਂ ਉਸਾਰਦਾ ਚਲਾ ਜਾਂਦਾ ਹੈ। ਉਸ ਦੇ ਅੰਦਰਲੇ ਸਾਜੋ ਸਮਾਨ, ਦਰੀਆਂ ਗਲੀਚੇ ਸੋਫੇ, ਟੀ.ਵੀ. ਏ.ਸੀ. ਆਦਿ ਵਿਚ ਹੀ ਗੁਆਚ ਜਾਂਦਾ ਹੈ। ਗੁਰੂ ਨਾਨਕ ਸਾਹਿਬ ਤਾਂ ਸਾਫ ਕਹਿ ਰਹੇ ਹਨ-

**ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।।**
**ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।।**
**ਮਤੁ ਦੇਖਿ ਭੂਲਾਂ ਵੀਸਰੈ ਤੇਰਾ ਚਿਤਿ ਨ ਆਵੈ ਨਾਉ।। (14)**

ਹੇ ਭਾਈ ! ਮੋਤੀਆਂ ਦੇ ਮਹਿਲ ਹੋਣ, ਹੀਰਿਆਂ ਨਾਲ ਸਜਾਏ ਹੋਣ ਚੰਦਨ ਤੇ ਕੇਸਰ ਆਦਿ ਨਾਲ ਖੁਸ਼ਬੂਦਾਰ ਬਣਾਏ ਹੋਣ। ਅੰਦਰ ਹਰ ਤਰ੍ਹਾਂ ਦੇ ਸਾਜੋ ਸਾਮਾਨ ਹੋਵਣ।



ਫਿਰ ਭੀ ਇੰਨੀਆਂ ਖੁਸ਼ੀਆਂ ਹੋਣ ਕਾਰਨ ਕਿਤੇ ਮੈਂ ਨਿਰੰਕਾਰ ਨੂੰ ਭੁੱਲ ਨਾ ਜਾਵਾਂ। ਗੁਰੂ (ਨਿਰੰਕਾਰ) ਦੀ ਸਿੱਖਿਆ ਏਹੋ ਹੀ ਹੈ ਕਿ ਰੱਬ ਜੀ ਨੂੰ ਭੁੱਲਣਾ ਨਹੀਂ ਹੈ।

ਜੋ ਮਨੁੱਖ ਆਪਣੇ ਘਰ ਕੋਠੀ ਤਕ ਸੀਮਤ ਹੋ ਗਿਆ। ਜਿੰਮੇਵਾਰੀਆਂ ਵਿਸਾਰ ਦਿੱਤੀਆਂ। ਸਮਝੋ ਉਹ **''ਪ੍ਰੇਤ ਜੋਨੀ''** ਵਿਚ ਹੀ ਜੀਵਨ ਬਿਤਾ ਰਿਹਾ ਹੈ। ਪੁਰਾਣੇ ਸਮਿਆਂ ਤੋਂ ਪ੍ਰਚਲਤ ਧਾਰਨਾ ਸੀ ਕਿ ਵੱਡੇ ਮਹਿਲਾਂ ਦੇ ਖੰਡਰਾਂ ਵਿਚ ਪ੍ਰੇਤ ਵਸਦੇ ਹਨ। ਅਜਿਹੇ ਮਨੁੱਖ ਨੂੰ ਪ੍ਰੇਤ ਹੀ ਸਮਝੋ।

ਜਿੰਦਗੀ ਭਰ ਅੰਤਲੀ ਅਵਸਥਾ ਤਕ ਕਿੰਨੀਆਂ ਔਕੜਾਂ ਮੁਸਕਲਾਂ ਭੀ ਕਿਉਂ ਨਾ ਆ ਜਾਣ। ਮਨੁੱਖ ਸੱਚ ਧਰਮ ਦੇ ਮਾਰਗ ਤੇ ਪਹਿਰਾ ਦਿੰਦਿਆਂ ਜੀਵਨ ਸਫਲਾ ਕਰੇ। ਭਾਵੇਂ ਚਰਖੜੀਆਂ ਤੇ ਚੜ੍ਹ ਜਾਵੇ, ਭਾਵੇਂ ਬੰਦ ਬੰਦ ਕੱਟੇ ਜਾਣ, ਭਾਵੇਂ ਜੰਗਲੀ ਵਾਸ ਹੋਵੇ। ਅਡੋਲ ਰਹਿਕੇ ਸੱਚ ਦੇ ਮਾਰਗ ਤੇ ਚਲਦਾ ਜਾਵੇ। ਜੇ ਮੌਤ ਭੀ ਆਉਂਦੀ ਹੈ ਤਾਂ ਪ੍ਰਵਾਹ ਨਹੀਂ ਕਰਨੀ। ਮੌਤ ਨੂੰ ਗਲਵਕੜੀ ਪਾ ਲੈਣੀ ਹੈ, ਅਪਣਾ ਰਾਹ ਨਹੀਂ ਤਿਆਗਣਾ। ਅਜਿਹੀ ਉਚੀ ਅਵਸਥਾ ਵਾਲੀ ਜਿੰਦਗੀ ਬਤੀਤ ਕਰੇ। ਤਿਲੋਚਨ ਸੱਚ ਆਖਦਾਹੈ, ਉਹ ਮਨੁੱਖ ਹਰ ਪਰਕਾਰ ਦੇ ਬੰਧਨਾਂ ਤੋਂ ਮੁਕਤ ਹੋ ਜਾਵੇਗਾ। ਸਮਾਜਕ ਬੰਧਨ, ਰਾਜਨੀਤਕ ਬੰਧਨ, ਪਰਵਾਰਿਕ ਬੰਧਨ, ਉਸ ਨੂੰ ਰੋਕ ਨਹੀਂ ਸਕਣਗੇ। ਉਸਦੇ ਹਿਰਦੇ ਵਿਚ ਨਿਰੰਕਾਰ ਦਾ ਵਾਸਾ ਹੈ, ਇਸੇ ਕਾਰਨ ਉਹ ਡੋਲਦਾ ਨਹੀਂ। ਜਿੰਦਗੀ ਦੀ ਚਰਮਸੀਮਾ ਤਕ ਉਹ ਅਡੋਲ ਅਸੂਲਾਂ ਤੇ ਪਹਿਰਾ ਦਿੰਦਾ ਹੈ।

ਇਸ ਸਾਰੇ ਸ਼ਬਦ ਵਿਚ ਮਰਨ ਤੋਂ ਬਾਦ ਜੂਨਾਂ ਵਿਚ ਪੈਣ ਦੀ ਗਲ ਨਹੀਂ, ਸਗੋਂ ਇਸੇ ਮਨੁੱਖਾ ਸਰੀਰ ਵਿਚ ਬੈਠੇ ਜਾਨਵਰਾਂ ਨੂੰ ਬਾਹਰ ਕੱਢਣਾ ਹੈ। ਇਸੇ ਸਰੀਰ ਵਿਚ ਸੱਪ ਹਨ, ਵੇਸਵਾਵਾਂ ਹਨ। ਸੂਰ ਹਨ।ਪ੍ਰੇਤ ਹਨ। ਇਹਨਾਂ ਸਭਨਾਂ ਤੇ ਕਾਬੂ ਪਾਉਣਾ ਹੈ, ਤਾਂ ਹੀ ਮਨੁੱਖ ''ਮੁਕਤਾ'' ਅਖਵਾ ਸਕਦਾ ਹੈ। ਵਰਨਾ ਅਗਲੇ ਪਿਛਲੇ ਜਨਮ ਦੀਆਂ ਕਹਾਣੀਆਂ ਬਹੁਤ ਪਾ ਲਈਆਂ। ਜੋ ਇਸ ਜਨਮ ਵਿਚ ਸਾਡਾ ਕੁਝ ਨਹੀਂ ਸੰਵਾਰਨਗੀਆਂ। ਹਾਂ ਸਿੱਖ ਸੰਗਤਾਂ ਨੂੰ ਭੈ ਭੀਤ ਕਰਕੇ, ਪੁਜਾਰੀਆਂ ਅਤੇ ਅਖੌਤੀ ਪ੍ਰਚਾਰਕਾਂ ਨੇ ਪਿਛਲੇ ਲੰਮੇ ਸਮੇਂ ਦੋਹੀਂ ਹੱਥੀਂ ਲੁੱਟ ਕੇ ਖੂਬ ਖਾਧਾ ਹੈ।

ਸਤਿਗੁਰੂ ਜੀ ਨੇ ਜੋ ਉਪਕਾਰ ਵਾਲੇ ਅਨੰਤ ਕਾਰਜ ਕੀਤੇ, ਉਹ ਸਾਰੇ ਮਨੁਖਾਂ ਦੇਹੀ ਦੁਆਰਾ ਹੀ ਕੀਤੇ ਸਨ। ਜਬਾਨੀ ਉਪਦੇਸ਼ ਕੀਤਾ, ਚੰਗੀ ਮੱਤ ਦਿੱਤੀ

ਤਾਂ ਭੀ ਸਰੀਰ ਰਾਹੀਂ, ਸਦੀਵ ਕਾਲ ਵਾਸਤੇ ਮਨੁੱਖ ਮਾਤਰ ਦੀ ਅਗਵਾਈ ਵਾਸਤੇ ਗੁਰਬਾਣੀ ਲਿਖੀ ਤੇ ਸੰਭਾਲੀ, ਇਹ ਕਾਰਜ ਭੀ ਸਰੀਰ ਰਾਹੀਂ ਹੋਇਆ। ਸਤਿਗੁਰੂ ਜੀ ਨੇ ਜਨ ਕਲਿਆਣ ਦੇ ਲਾਸਾਨੀ ਪੂਰਨੇ ਪਾਏ। ਸੇਵਾ ਕੀਤੀ ਜੰਗ ਲੜੇ, ਸਿਖਲਾਈ ਦਿੱਤੀ, ਇਹ ਸਭ ਮਨੁਖੀ ਜਾਮੇ ਵਿਚ ਆਕੇ ਹੀ ਸੰਭਵ ਹੋਇਆ। ਕਿਸੇ ਹੋਰ ਜੂਨੀ ਵਾਲਾ ਜੀਵ ਅਜਿਹੇ ਕਲਿਆਣਕਾਰੀ ਕਾਰਜ ਨਹੀਂ ਕਰ ਸਕਦਾ। ਲੋਕੀ ''ਪ੍ਰਲੋਕ'' ਦੇ ਸੁੱਖਾਂ ਦੀ ਲਾਲਸਾ ਅਧੀਨ ਸਰੀਰ ਨੂੰ ਗਾਲ ਰਹੇ ਸਨ। ਕੋਈ ਧੂਣੀਆਂ ਤਾਪਦਾ ਹੈ, ਕੋਈ ਜਲਧਾਰੇ ਕਰ ਰਿਹਾ ਹੈ। ਇਕ ਪੁੱਠਾ ਲਟਕ ਰਿਹਾ ਹੈ, ਕੋਈ ਹੋਰ ਅਹਿਲ ਸਿੱਧਾ ਖਲੋਤਾ ਹੋਇਆ ਹੈ। ਕਈ ਗੁਫਾਵਾਂ ਵਿਚ ਵੜੇ ਹਨ, ਕੋਈ ਮੱਠਾਂ ਵਿਚ ਦੜੇ ਹਨ, ਤੇ ਕੁਝ ਹਿਮਾਲਾ ਤੇ ਚੜੇ ਹਨ। ਕੁਝ ਤੀਰਥ ਵਾਸੀ ਹਨ, ਕਈ ਕਾਂਸ਼ੀ ਦੇ ਆਰੇ ਹੇਠ ਸਿਰ ਦੇ ਕੇ ਸਵਰਗ ਦਾ ਟਿਕਟ ਖ੍ਰੀਦ ਰਹੇ ਹਨ। ਮੋਨੀ, ਨਾਂਗੇ, ਜਟਾਧਾਰੀ, ਘੋਨ ਮੋਨ ਕੰਨਪਾਟੇ, ਜਤੀ ਸਤੀ ਆਦਿਕ ਬਣਕੇ, ਸਰੀਰ ਨੂੰ ਬੇਮਾਹਿਨੇ ਕਸ਼ਟ ਦਿੱਤੇ ਜਾ ਰਹੇ ਸਨ। ਤਾਂ ਕਿ ਅਗਲੇ ਜਨਮ ਵਿਚ ''ਮੁਕਤੀ'' ਜਾਂ ''ਸਵਰਗ'' ਜਰੂਰ ਪ੍ਰਾਪਤ ਹੋ ਜਾਵੇ। ''ਅਬ ਦੁਖ ਆਗੇ ਸੁੱਖ''।

ਸਤਿਗੁਰੂ ਜੀ ਨੇ ਮਨੁਖਾ ਸਰੀਰ ਦੀ ਕੀਮਤ ਸਮਝਾਈ। ਦੇਸ਼ ਧਰਮ ਦੀ ਸੇਵਾ ਵਾਲੇ ਪਾਸੇ ਮੋੜਾ ਪਾਉਣ ਦੇ ਢੰਗ ਤਰੀਕੇ ਸਿਖਾਏ। ਖੁਦ ਤੱਤੀਆਂ ਤਵੀਆਂ ਤੇ ਸਰੀਰ ਨੂੰ ਪਿਘਲਾਇਆ। ਚਾਂਦਨੀ ਚੌਕ ਵਿਚ ਸੀਸ ਕਟਵਾਇਆ। ਸਵਰਗ ਲਈ ਨਹੀਂ। ਸਗੋਂ ਧਰਤੀ ਤੋਂ **''ਨਰਕਾਂ''** ਦਾ ਖਾਤਮਾ ਕਰਕੇ, ਇਥੇ ਹੀ **''ਸਵਰਗ''** (ਬੇਗਮਪੁਰਾ) ਬਣਾਉਣ ਲਈ। ਦਸਮ ਪਾਤਿਸਾਹ ਨੇ ਆਪਣੇ ਪੁੱਤਰਾਂ ਨੂੰ ਸਵਰਗ ਭੇਜਣ ਲਈ ਸ਼ਹੀਦ ਕਰਵਾਇਆ ਸੀ? ਜੀ ਨਹੀਂ, ਉਹ ਤਾਂ ਸਦਾ ਹੀ ਮੁਕਤ ਸਨ। ਦੇਹੀ ਦੇ ਮੋਹ ਤੋਂ ਭੀ ਮੁਕਤ ਸਨ। ਪਰ ਧਰਤੀ ਦੇ ਬਸਿੰਦਿਆਂ ਨੂੰ ਮੁਕਤ ਕਰਨਾ ਲੋਚਦੇ ਸਨ। ਧਰਤੀ ਨੂੰ ਹੀ ''ਧਰਮਸ਼ਾਲ'' ਬਣਾਨਾ ਚਾਹੁੰਦੇ ਸਨ। ਬਾਬਾ ਬੰਦਾ ਸਿੰਘ ਸਹਾਦਰ ਮੱਠ ਵਿਚ ਬੈਠਕੇ ਮੁਕਤੀ ਦਾ ਰਾਹ ਲੱਭ ਰਿਹਾ ਸੀ। ਦਸਮ ਪਾਤਿਸ਼ਾਹ ਹਜੂਰ ਨੇ ਹੱਥ ਵਿਚ ਤੇਗ ਫੜਾਕੇ, ਸਿੰਘਾਂ ਦਾ ਤਿਆਰ ਬਰਤਿਆਰ ਜੱਥਾ ਦੇਕੇ, ਪੰਜਾਬ ਨੂੰ ਮੁਕਤ ਕਰਵਾਣ ਦੇ ਰਾਹ ਟੋਰਿਆ। ਮਿਸ਼ਲਾਂ ਦਾ ਭਿਆਨਕ ਸਮਾਂ, ਸਚਮੁਚ ਹੀ ਪੰਜਾਬ ਦੇਸ਼ ਦੀ ਮੁਕਤੀ ਵਾਸਤੇ ਸੀ। ਕਿਸੇ ਇਕਲੇ ਬੰਦੇ ਦੀ ਮੁਕਤੀ



ਲਈ ਨਹੀਂ ਸੀ। ਅੱਜ ਭੀ ਜੋ ਕਰਨਾ ਹੈ ਇਸ ਸਰੀਰ ਰਾਹੀਂ ਕਰਨਾ ਹੈ। ਸਰੀਰ ਦੇ ਇਕ ਇਕ ਅੰਗ ਦੀ ਗੁਰਬਾਣੀ ਵਿਚ ਅਹਿਮੀਅਤ ਦਰਸਾਈ ਗਈ ਹੈ।

ਆਉ ਦੇਹੀ ਦੀ ਵਿਸ਼ੇਸ਼ਤਾ ਬਾਰੇ ਕੁੱਝ ਗੁਰਬਾਣੀ ਦੇ ਹੁਕਮ ਵਿਚਾਰੀਏ-

**ਰੈਣਿ ਗਾਵਈ ਸੋਇ ਕੈ ਦਿਵਸੁ ਗਵਾਇਆ ਖਾਇ।।**
**ਹੀਰੇ ਜੈਸਾ ਜਨਮ ਹੈ ਕਉਡੀ ਬਦਲੇ ਜਾਇ।।** **(156)**
**ਘਟਿ ਵਸੈ ਰਚਨਾ ਰਬਿੰਦ ਰਸਨਾ ਜਪੈ ਗੋਪਾਲ ।।**
**ਨਾਨਕ ਸੋ ਪ੍ਰਭ ਸਿਮਰੀਐ ਤਿਸ ਦੇਹੀ ਕੋ ਪਾਲ।।** **(554)**
**ਕਾਮੁ ਕ੍ਰੋਧ ਲੋਭੁ ਛੋਡੀਐ ਦੀਜੈ ਅਗਨਿ ਜਲਾਇ।।**
**''ਜੀਵਦਿਆਂ'' ਨਿਤ ਜਾਪੀਐ ਨਾਨਕ ਸਾਚਾ ਨਾਉ।।** **(519)**
**ਅਵਰ ਜੋਨਿ ਤੇਰੀ ਪਨਿਹਾਰੀ।। ਇਸੁ ਧਰਤੀ ਮਹਿ ਤੇਰੀ ਸਿਕਦਾਰੀ।। (374)**
**ਭਈ ਪ੍ਰਾਪਤਿ ਮਾਨੁਖ ਦੇਹੁਰੀਆ।।**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।। (12)**

ਉਪਰ ਕੁਝ ਉਹ ਪ੍ਰਮਾਣ ਦਿੱਤੇ ਗਏ ਹਨ ਜੋ ਮਨੁੱਖਾ ਦੇਹੀ ਨੂੰ ਰੱਬ ਦੀ ਇਕ ਵਿਸ਼ੇਸ਼ ਦਾਤ ਜਾਂ ਤੋਹਫਾ ਦਰਸਾਉਂਦੇ ਹਨ। ਦੂਜੇ ਪਾਸੇ ਗੁਰਬਾਣੀ ਇਹ ਸਵਾਲ ਭੀ ਬਾਰ ਬਾਰ ਸਨਮੁਖ ਰਖਦੀ ਹੈ ਕਿ ਸੋਹਣੀ ਮਨੁਖਾ ਦੇਹੀ ਵਾਲਿਆ, ਇਸ ਦੇਹੀ ਤੋਂ ਕੋਈ ਭਲਾ ਕਾਰਜ ਭੀ ਕਰਵਾਇਆ ਹੈ ? ਕਦੀ ਰੱਬ ਜੀ ਨੂੰ ਯਾਦ ਕੀਤਾ ਹੈ? ਕਦੀ ਨੇਕੀ ਜਾਂ ਪਰਉਪਕਾਰ ਭੀ ਕੀਤੇ ਹਨ? ਗੁਰਵਾਕ ਵੱਲ ਤਵੱਜੋ ਦਿਓ-

**ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ।।**
**ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ।।...**
**ਕਹੈ ਨਾਨਕ ਏਹੁ ਸਰੀਰ ਪਰਵਾਣੁ ਹੋਆ,**
**ਜਿਨਿ ਸਤਿਗੁਰ ਸਿਉ ਚਿਤੁ ਲਾਇਆ।। (922)**

ਜੇਕਰ ਗੁਰੂ ਦੀ ਮੱਤ ਲੈ ਕੇ ਗੁਣਵਾਨ ਇਨਸਾਨ ਬਣਕੇ, ਜੀਵਨ ਬਤੀਤ ਨਾ ਕੀਤਾ ਫਿਰ ਮਨੁੱਖ ਅਤੇ ਪਸ਼ੂ ਪੰਛੀ ਵਿਚ ਕੋਈ ਭੇਦ ਨਹੀਂ। ਇਕੋ ਵਰਗੇ ਹਨ, ਪਸ਼ੂਆਂ ਦੀ ਸੋਚ ਕੇਵਲ ਆਪਣੇ ਨਿੱਜ ਤਕ ਸੀਮਤ ਹੈ। ਮਨੁੱਖ ਨੇ ਨਿਜ ਤਕ ਸੀਮਤ ਨਹੀਂ ਰਹਿਣਾ।

ਸਗੋਂ ਵਸ ਲਗਦੇ ਦੂਜਿਆਂ ਦੇ ਦੁਖ ਦੂਰ ਕਰਨੇ ਹਨ।

**ਪਸੂ ਪ੍ਰੇਤ ਮੁਗਧ ਤੇ ਬੁਰੀ।। ਤਿਸਹਿ ਨ ਬੂਝੈ ਜਿਨ ਇਹ ਸਿਰੀ।। (890)**

ਹੇ ਭਾਈ ! ਇਹ ਦੇਹੀ ਪਸ਼ੂਆਂ ਤੋਂ ਭੀ ਬੁਰੀ ਹੈ। ਮੂਰਖਾਂ ਦੇ ਸਰੀਰਾਂ ਨਾਲੋਂ ਭੀ ਭੈੜੀ ਹੈ ਭੂਤ ਪ੍ਰੇਤ ਤੋਂ ਭੀ ਨਿਕੰਮੀ ਹੈ। ਅਗਰ ਪੈਦਾ ਕਰਨ ਵਾਲੇ ਨਿਰੰਕਾਰ ਨੂੰ ਵਿਸਾਰ ਕੇ ਵਿਕਾਰਾਂ ਦੇ ਰਾਹ ਪੈ ਜਾਂਦੀ ਹੈ।

**ਮਿਰਤਕ ਕਉ ਪਾਇਓ ਤਨ ਸਾਸਾ, ਬਿਛੁਰਤ ਆਨਿ ਮਿਲਾਇਆ।।**
**ਪਸੂ ਪ੍ਰੇਤ ਮੁਗਧ ਭਏ ਸ੍ਰੋਤੇ ਹਰਿਨਾਮਾ ਮੁਖਿ ਗਾਇਆ।।(614)**

ਹੇ ਭਾਈ ! ਇਹ ਸਰੀਰ ਮੁਰਦਿਆਂ ਸਮਾਨ ਸੀ। ਇਸ ਵਿਚ ਗੁਰੂ ਨੇ ਗਿਆਨ ਰੂਪੀ ਪ੍ਰਾਣ ਪਾ ਦਿੱਤੇ। ਗੁਰੂ ਨੇ ਕਿਰਪਾ ਕਰਕੇ ਨਿਰੰਕਾਰ ਦੀ ਸੋਝੀ ਕਰਵਾ ਦਿੱਤੀ। ਇਸ ਉਤਮ ਉਪਦੇਸ਼ ਕਾਰਨ, ਪਸ਼ੂ ਬੁੱਧੀ ਵਾਲੇ ਮਨੁੱਖ ਭੀ ਅਸਲੀ ਇਨਸਾਨ ਬਣ ਗਏ। ਪ੍ਰੇਤ ਬੁੱਧੀ ਵਾਲੇ ਮਨੁੱਖ, ਵਿਕਾਰਾਂ ਨੂੰ ਤਿਆਗ ਕੇ, ਗੁਣਵਾਨ ਇਨਸਾਨ ਬਣ ਗਏ। ਗੁਰੂ ਦੀ ਮੱਤ ਲੈ ਕੇ ਮਹਾਂ ਮੂਰਖ ਭੀ ਸਿਆਣੇ ਬਣ ਗਏ। ਇਸ ਲਈ ਹੁਣ ਉਹ ਸਦਾ ਹਰੀ ਦੇ ਗੁਣ ਗਾਕੇ ਅਨੰਦ ਵਿਚ ਹਨ।

**ਸੂਕਰ ਸੁਆਨ ਗਰਧਭ ਮੰਜਾਰਾ।।**
**ਪਸੂ ਮਲੇਛ ਨੀਚ ਚੰਡਾਲਾ।।**
**ਗੁਰ ਤੇ ਮੁਹੁ ਫੇਰੇ ਤਿਨਿ ਜੋਨਿ ਭਵਾਈਐ।।**
**ਬੰਧਨਿ ਬਾਧਿਆ ਆਈਐ ਜਾਈਐ।। (832)**

ਹੇ ਭਾਈ ! ਗੁਰੂ ਵਲੋਂ ਬਖਸ਼ੀ ਉਤਮ ਮੱਤ ਲੈ ਕੇ ਜੇ ਤੂੰ ਗੁਣਵਾਨ ਮਨੁਖ ਨਾ ਬਣਿਆ, ਫਿਰ ਬਾਕੀ ਤੇਰੇ ਅੰਦਰ ਕੀ ਰਹਿ ਜਾਵੇਗਾ? ਸੂਰ ਵਾਲੀ ਭੈੜੀ ਮੱਤ, ਕੁੱਤੇ ਵਾਲੀ ਲਾਲਚੀ ਬਿਰਤੀ, ਖੋਤੇ ਵਰਗੀ ਮੂਰਖਤਾ, ਬਿੱਲੇ ਵਰਗੀ ਕਾਇਰਤਾ। ਇਹਨਾਂ ਔਗੁਣਾਂ ਦਾ ਸੰਗ੍ਰਹ ਨਾ ਬਣ, ਸਗੋਂ ਇਨਸਾਨੀਅਤ ਵਾਲੇ ਸ਼ੁਭ ਗੁਣ ਧਾਰਨ ਕਰ। ਇਸੇ ਵਿਚ ਤੇਰਾ ਆਪਣਾ ਤੇ ਪੂਰੇ ਸਮਾਜ ਦਾ ਭਲਾ ਹੈ।

ਵੈਸੇ ਤਾਂ ਗੁਰਬਾਣੀ ਵਿਚ ਮਨੁੱਖ ਦੀ ਉਚੀ ਨੀਵੀਂ ਬਿਰਤੀ ਕਾਰਨ ਉਸਨੂੰ ਚੰਗਾ ਮੰਦਾ ਰੁਤਬਾ ਪ੍ਰਦਾਨ ਕੀਤਾ ਗਿਆ ਹੈ। ਬੇਅੰਤ ਸੰਬੋਧਨਾਂ ਨਾਲ ਪੁਕਾਰ ਪੁਕਾਰ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜਿਨ੍ਹਾਂ ਨੇ ਸਤਿਗੁਰੂ ਜੀ ਦੇ ਉਪਦੇਸ਼ ਨੂੰ



ਧਿਆਨ ਨਾਲ ਸੁਣਿਆ, ਸਮਝਿਆ ਤੇ ਕਲਿਆਣਕਾਰੀ ਜਾਣਕੇ ਪ੍ਰਵਾਣ ਕੀਤਾ। ਉਹ ਗੁਰਮੁਖਾਂ ਦੀ ਪਦਵੀ ਨੂੰ ਪਰਾਪਤ ਹੋਏ। ਉਹ ਵਿਦਵਾਨ ਬਣ ਗਏ। ਨਿੱਜੀ ਜੀਵਨ ਤੋਂ ਉਪਰ ਉਠਕੇ ਕੁੱਲ ਮਨੁੱਖਤਾ ਲਈ ਲਾਭਕਾਰੀ ਬਣ ਗਏ। ਉਹ ਗੁਰੂ ਦੇ ਇਕ ਇਸ਼ਾਰੇ ਤੇ, ਸੀਸ ਵਾਰਨੇ ਕਰਦੇ ਰਹੇ। ਚਰਖੜੀਆਂ ਤੇ ਚੜ੍ਹ ਗਏ ਜਾਂ ਧਰਮ ਦੋਖੀਆਂ ਨੂੰ ਸਬਕ ਸਿਖਾਉਂਦੇ ਰਹੇ। ਜਿਨ੍ਹਾਂ ਨੂੰ ਗੁਰੂ ਦੁਆਰਾ (ਗੁਰਦੁਆਰੇ ਦਾ ਅਰਥ ਹੀ ਇਹ ਹੈ ''ਗੁਰੂ ਦੀ ਸਿੱਖਿਆ ਦੁਆਰਾ) ਸੋਝੀ ਆ ਗਈ, ਉਹ ਪਸ਼ੂ ਪੁਣਾ ਤਿਆਗ ਗਏ। ਜਨਮ ਪਲਟ ਗਿਆ, ਗੁਰੂ ਤੋਂ ਨਵਾਂ ਜਨਮ ਮਿਲ ਗਿਆ। ਗੁਰਵਾਕ ਹਨ।

**ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।**
**ਅਨਹਤਿ ਰਾਤੇ ਇਹੁ ਮਨੁ ਲਾਇਆ।। (940)**

ਗੁਰੂ ਨਾਨਕ ਸਾਹਿਬ ਦੇ ਘਰ ਸੱਜਣ ਜੀ (ਪ੍ਰਚਲਤ ਠੱਗ) ਦਾ ''ਜਨਮ ਹੋਇਆ। ਕੌਡਾ ਜੀ ਦਾ ਨਵਾਂ ''ਜਨਮ'' ਹੋਇਆ, ਹੋਰ ਅਨੇਕਾਂ, ਸਮੇਤ ਭਾਈ ਲਹਿਣਾ ਜੀ ਦਾ ਜਨਮ ਗੁਰੂ ਨਾਨਕ ਸਾਹਿਬ ਦੇ ਘਰ ਹੋਇਆ। ਗੁਰੂ ਨਾਨਕ ਜੀ ਦੇ ਪੁੱਤਰ ਸ੍ਰੀ ਚੰਦ ਅਤੇ ਲਖਮੀ ਦਾਸ ਖੂਨ ਦੀ ਸਾਂਝ ਤੋਂ ਭਾਵੇਂ ਪੁੱਤਰ ਸਨ। ਪਰ ਗੁਰਬਾਣੀ ਵਿਚਾਰਧਾਰਾ ਨੇ ਉਹਨਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪੁੱਤਰ ਨਹੀਂ ਮੰਨਿਆ। ਆਕੀ ਤੇ ਬਾਗੀ ਲਿਖਿਆ ਹੈ। ਅਜ ਤਾਈ ਉਹਨਾਂ ਦੇ ਸੇਵਕ ਵੱਖਰੇ, ਮੋਰ ਦੀ ਪੂਛਲ ਵਾਲੇ ਝੰਡੇ ਲਾਈ, ਵੇਖੇ ਜਾ ਸਕਦੇ ਹਨ। ਸਿੰਘਾਂ ਵਾਲਾ ਕੇਸਰੀ (ਜਾਂ ਨੀਲਾ) ਨਿਸ਼ਾਨ ਉਹਨਾਂ ਨੂੰ ਪ੍ਰਵਾਨ ਨਹੀਂ। ਉਹਨਾਂ ਦਾ ''ਜਨਮ'' ਨਹੀਂ ਬਦਲਿਆ।

ਇਸ ਤਰ੍ਹਾਂ ਭੀ ਲਿਖਿਆ ਪ੍ਰਚਾਰਿਆ ਗਿਆ ਹੈ ਕਿ ਪਸ਼ੂ ਪੰਛੀ ਕੀੜੀ ਕਾਢੇ ਪਾਪ ਕਰਮ ਕੀਤੇ ਦੀ ਸਜਾ ਦੇਣ ਲਈ ਅਜਿਹੀਆਂ ''ਨਖਿੱਧ'' ਜੋਨੀਆਂ ਵਿਚ ਭੇਜੇ ਜਾਂਦੇ ਹਨ। ਜੇ ਰੱਬ ਜੀ ਨੇ ਗਲਤੀਆਂ ਦੀ ਸਜਾ ਦੇਣ ਲਈ ਹੀ ਇਹ ਸਾਰੇ ਜੀਵ ਜੰਤੂ ਵਨਸਪਤੀ ਆਦਿ ਬਣਾਏ ਹਨ ਤਾਂ ਉਸਨੂੰ ਇੰਨੀ ਭੀ ਸਮਝ ਨਹੀਂ ਸੀ ਕਿ ਮਨੁੱਖ ਦਾ ਸੁਭਾ ਅਜਿਹਾ ਸਿਰਜ ਦਿੰਦਾ ਕਿ ਗਲਤੀ ਕਰਦਾ ਹੀ ਨਾ। ਬੰਦਾ ਪਹਿਲਾਂ ''ਪਾਪ'' ਕਰਦਾ ਹੈ, ਰੱਬ ਉਸਨੂੰ ਰੋਕਣ ਤੋਂ ''ਬੇਬਸ'' ਹੈ। ਫਿਰ ਇੰਨੀ ਸ਼ਕਤੀ ਰੱਬ ਵਿਚ ਕਿੱਥੋਂ ਆ ਜਾਂਦੀ ਹੈ ਕਿ ਮਨੁੱਖ ਨੂੰ ''ਪਾਪ'' ਦੀ ਸਜਾ ਦੇ ਦੇਵੇ? ਕੀਤੇ ਦੀ ਸਜਾ

ਭੁਗਤਾਉਣ ਲਈ ਨਿਰੰਕਾਰ ਨੂੰ 84 ਲੱਖ ਜੋਨੀਆਂ ਪੈਦਾ ਕਰਨੀਆਂ ਪਈਆਂ। ਇਹ ਰੱਬ ਦੀ ਮਜਬੂਰੀ ਸੀ ? ਜੇ ਲੋਕੀ ''ਪਾਪ'' ਕਰਨੇ ਬੰਦ ਕਰ ਦੇਣ, ਤਾਂ ਕੀ ਇਹ ਨਖਿੱਧ ਜੋਨੀਆਂ ਵਾਲੇ ਜੀਵ ਖਤਮ ਹੋ ਜਾਣਗੇ? ਜੇ ਪਿਛਲੇ ਜਨਮਾਂ ਵਿਚ ਕੀਤੇ ਪਾਪਾਂ ਕਾਰਨ, ਪਸ਼ੂ ਜੋਨੀ ਮਿਲ ਗਈ ਹੋਵੇ ਤਾਂ ਗਾਂ, ਮੱਝ, ਘੋੜਾ ਖੋਤਾ ਕੁੱਤਾ ਆਪਣੀ ਜੋਨੀ ਨੂੰ ਪਿਆਰ ਕਿਉਂ ਕਰੇ? ਜਾਨ ਬਚਾਉਣ ਦੀ ਕੋਸ਼ਿਸ਼ ਕਿਉਂ ਕਰੇ? ਉਹ ਤਾਂ ''ਸਜਾ'' ਭੁਗਤਣ ਵਾਸਤੇ ਆਏ ਹਨ। ਇਸ ਸਰੀਰ ਵਿਚੋਂ ਛੇਤੀ ਨਿਕਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਦੋਂ ਗੁਰੂ ਸਾਹਿਬ ਸ਼ਿਕਾਰ ਕਰਦਿਆਂ ਜਾਨਵਰਾਂ ਨੂੰ ਮਾਰਦਿਆਂ ਕਰਦੇ ਸਨ। ਡੇਰੇਦਾਰਾਂ ਵਲੋਂ ਪ੍ਰਚਾਰਿਆ ਗਿਆ ਹੈ ਕਿ ਸਤਿਗੁਰੂ ਜੀ ਜੀਵਾਂ ਨੂੰ ''ਮੁਕਤ'' ਕਰਦੇ ਸਨ। ਅੱਜ ਜਦੋਂ ਕੋਈ ਸਿੱਖ ਸ਼ਿਕਾਰ (ਝਟਕਾ) ਕਰਦਾ ਹੈ ਤਾਂ ਪ੍ਰਚਾਰਿਆ ਜਾਂਦਾ ਹੈ ''ਜੀਵ ਹੱਤਿਆ ਪਾਪ ਹੈ।'' ਸਿੱਖ ਭੀ ਤਾਂ ਸ਼ਿਕਾਰ ਕਰਕੇ ਜੀਵ ਨੂੰ ਮੁਕਤ ਹੀ ਕਰਦਾ ਹੈ, ਤਾਂ ਵਿਰੋਧ ਕਿਉਂ? ਅੱਜ ਤੱਕ ਕਿਸੇ ਜੀਵ ਨੂੰ ਇਹ ਪਤਾ ਨਹੀਂ ਲੱਗਿਆ ਕਿ ਮੈਂ ਪਿਛਲੇ ਜਨਮ ਵਿਚ ਕੀ ਸਾਂ? ਉਸ ਵਕਤ ਮੈਂ ਕਿਹੜਾ ਪਾਪ ਕੀਤਾ ਸੀ? ਇਸ ''ਪਾਪ'' ਬਦਲੇ ਕਿੰਨੇ ਜਨਮ ਨਖਿਧ ਜੂਨਾਂ ਭੋਗਣੀਆਂ ਪੈਣਗੀਆਂ? ਇਸ ਗੁੰਮਸ਼ੁਦਾ ਲੇਖੇ ਦਾ ਪੂਰਾ ਵਹੀ ਖਾਤਾ, ਕੇਵਲ ਪੁਜਾਰੀਆਂ ਕੋਲ ਹੈ। ਹੋਰ ਕਿਸੇ ਨੂੰ ਇਹ ਗੁਪਤ ਦਸਤਾਵੇਜ ਵਿਖਾਉਂਦੇ ਨਹੀਂ। ਇਸ ਮੌਜੂਦਾ ਜਨਮ ਦੀ ਇਹਨਾਂ ਪੁਜਾਰੀਆਂ ਨੂੰ ਕੋਈ ਸਮਝ ਨਹੀਂ ਹੁੰਦੀ। ਜਿੰਨੇ ਮਰਜੀ ਕੋਈ ਜੁਲਮ ਕਰੇ , ਆਮ ਜੰਤਾਂ ਵਿਲਕਦੀ ਰਹੇ। ਪੁਜਾਰੀ ਦੀ ਜਾਣੇ ਬਲਾ। ਰਾਜਨੀਤਕ ਉਪਦਰ ਹੋਣ, ਮਨੁੱਖਤਾ ਦਾ ਘਾਣ ਹੋਵੇ। ਕਾਲ ਪੈ ਜਾਵੇ। ਬਿਮਾਰੀਆਂ ਆ ਜਾਣ। ਪੁਜਾਰੀਆਂ ਨੇ ਰੂਪ ਵਟਾ ਵਟਾ ਕੇ ਉਥੇ ਹੀ **''ਆਤਮਾ ਦੇ ਕਲਿਆਣ ਵਾਸਤੇ ਤੇ 84 ਦਾ ਗੇੜ ਕੱਟਣ ਲਈ ''ਪਾਠ ਜਾਪ ਪੂਜਾ ਅਰਦਾਸਾਂ ਕਰਨ ਲਈ ਪਹੁੰਚ ਜਾਣਾ ਹੈ। ਸੱਥਰ ਵਿਛਿਆਂ ਵਿਚੋਂ ਪੀ, ਦੁਹਥੱੜੀ ਪਟਿਦਿਆਂ ਤੋਂ ਭੀ, ਰੋ ਰੋ ਕੇ ਹਾਲੋਂ ਬੇ ਹਾਲ ਹੋ ਚੁੱਕਿਆ ਤੋਂ ਭੀ, ਆਪਣੀ ਪੂਜਾ ਭੇਟਾ ਲੈ ਹੀ ਲੈਣੀ ਹੈ। ਕਿਸੇ ਘਰ ਬੱਚਾ ਮਰੇ, ਬੁੱਢਾ ਗੁਜਰੇ, ਨਿੱਕੇ ਬੱਚਿਆਂ ਨੂੰ ਕੁਰਲਾਂਦੇ ਛੱਡਕੇ ਕੋਈ ਜਵਾਨ ਬੀਬੀ ਚਲਾਣਾ ਕਰ ਜਾਵੇ। ਜਾਂ ਘਰ ਦਾ ਕਮਾਊ ਗਭਰੂ ਪੁੱਤਰ ਚੜਾਈ ਕਰ ਜਾਵੇ। ਸਾਰੇ ਥਾਂਈ ਪੂਜਾਰੀ ਲੋਕ ''ਕਮਾਈ'' ਕਰਨ ਪਹੁੰਚਦੇ ਹਨ। ਕਿਸੇ ਦਾ**



**ਮਰੇ ਜੰਮੇ ਜਾਂ ਵਿਆਹ ਹੋਵੇ। ਪੁਜਾਰੀਆਂ (ਪਾਠੀ, ਕੀਰਤਨੀਏ, ਕਥਾ ਵਾਚਕ, ਪ੍ਰਬੰਧਕ, ਜਾਂ ਬ੍ਰਾਹਮਣ ਤੇ ਸਾਧੂ) ਦਾ ਤਾਂ ਕੇਵਲ ''ਪ੍ਰੋਗਰਾਮ ਬੁੱਕ'' ਹੁੰਦਾ ਹੈ। ਉਹਨਾਂ ਨੂੰ ਕਿਸੇ ਦੇ ਦੁਖ ਸੁਖ ਨਾਲ ਕੋਈ ਸਰੋਕਾਰ ਨਹੀਂ। ਸਿਰਫ ਆਪਣੀ ''ਕਮਾਈ'' ਨਾਲ ਸਰੋਕਾਰ ਹੈ।**

ਗੁਰਬਾਣੀ ਦੇ ਪਾਵਨ ਉਪਦੇਸ਼ਾਂ ਨੇ ਸਿੱਖਾਂ ਨੂੰ ''ਜੀਵਨ ਮੁਕਤ ਜਾਂ ਬੰਧਨ ਮੁਕਤ ਕੀਤਾ ਹੈ। ਚੌਰਾਸੀ ਲੱਖ ਜੂਨਾਂ ਦੇ ਭਰਮਜਾਲ 'ਚੋ ਮੁਕਤ ਕੀਤਾ ਹੈ। ਵਹਿਮਾਂ ਭਰਮਾਂ ਕਰਮਕਾਂਡਾਂ ਤੋਂ ਆਜਾਦ ਕੀਤਾ ਹੈ। ਪੁਜਾਰੀ ਦੇ ਤੇਂਦੂਆ ਜਕੜ ਤੋਂ ਮੁਕਤ ਕਰਵਾਇਆ ਹੈ। ਜਾਤ ਪਾਤ ਦੇ ਕਲੰਕ ਤੋਂ ਛਡਾਇਆ ਹੈ। ਹਜਾਰਾਂ ਸਾਲ ਦੀ ਰਾਜਸੀ ਗੁਲਾਮੀ ਦੇ ਸੰਗਲ ਤੋੜ ਕੇ, ਸੁਤੰਤਰਤਾ ਬਖਸ਼ੀ ਹੈ। ਮੰਨੂੰ (ਬ੍ਰਾਹਮਣੀ ਧਰਮ) ਵਲੋਂ ਤਿਆਰ ਕੀਤੇ ਸ਼ਕਤੀਸ਼ਾਲੀ ਵਿਧਾਨ ਮੰਨੂੰ ਸਿਮ੍ਰਿਤੀ ਦੀ ਅਜਗਰੀ ਜਕੜ ਵਿਚੋਂ ਧੂਹ ਕੇ ਬਾਹਰ ਕੱਢ ਲਿਆ ਹੈ। ਔਰਤ ਦੇ ਗਲ ਪਏ ਗੁਲਾਮੀ ਦੇ ਸੰਗਲਾਂ ਨੂੰ ਚੂਰ ਚੂਰ ਕੀਤਾ ਹੈ। ਹਰ ਇਕ ਤਰ੍ਹਾਂ ਦੀ ਗੁਲਾਮੀ ਤੋਂ ਆਜ਼ਾਦੀ ਪ੍ਰਾਪਤ ਕਰਨ ਵਾਸਤੇ , ਗੁਰਬਾਣੀ ਰੂਪੀ, ਗਿਆਨ ਖੜਗ ਦੇ ਨਾਲ ਨਾਲ, ਬਿਜਲੀ ਵਾਂਗ ਚਮਕਦੀ ਸ਼ਮਸ਼ੀਰ ਬਖ਼ਸ਼ ਦਿੱਤੀ ਹੈ। ਜਿਥੇ ਕਿਤੇ ਕੋਈ ਲੁਟੇਰਾ ਲੁੱਟਣਾ ਚਾਹੇ, ਪਹਿਲਾਂ ਗਿਆਨ ਦੁਆਰਾ, ਜੇ ਨਾ ਸਮਝੇ ਫਿਰ ਤੇਗ ਦੀ ਤਾਕਤ ਰਾਹੀਂ ''ਰਾਹ ਸਿਰ'' ਲਿਆਂਦਾ ਜਾਵੇ। ਸਿੱਖਾਂ ਨੂੰ ਕਿਸੇ ਪਰਕਾਰ ਦੇ ਬੰਧਨ ਸਵੀਕਾਰ ਨਹੀਂ ਹਨ। ਵੇਦ ਤੇ ਬ੍ਰਾਹਮਣ ਜਿਥੋਂ ਇਹ ਹਥਕੜੀਆਂ ਬੇੜੀਆਂ ਆਈਆਂ ਹਨ। ਗੁਰਬਾਣੀ ਨੇ ਇਕ ਵੱਢਿਉਂ ਰੱਦ ਕਰ ਦਿੱਤੀਆਂ ਹਨ। ਗੁਰਵਾਕ ਹਨ

**ਬੇਦ ਪੜਹਿ ਹਰਿਨਾਮੁ ਨਾ ਬੂਝਹਿ।। ਮਾਇਆ ਕਾਰਣਿ ਪੜਿ ਪੜਿ ਲੂਝਹਿ।।**
**ਅੰਤਰਿ ਮੈਲੁ ਆਗਿਆਨੀ ਅੰਧਾ, ਕਿਉ ਕਰਿ ਦੁਤਰੁ ਤਰੀਜੈ ਹੇ।।**
**ਬੇਦ ਬਾਦ ਸਭਿ ਆਖਿ ਵਖਾਣਹਿ।। ਨ ਅੰਤਰੁ ਭੀਜੈ ਨ ਸਬਦੁ ਪਛਾਣਹਿ।।**
**ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ, ਗੁਰਮੁਖਿ ਅੰਮ੍ਰਿਤ ਪੀਜੈ ਹੇ।। (1050)**

ਹੇ ਭਾਈ ! ਵੇਦ ਆਦਿਕ ਧਰਮ ਗਰੰਥਾਂ ਦਾ ਪਾਠ ਬੜਾ ਕਰਦੇ ਹਨ। ਨਿਰੰਕਾਰ ਦੇ ਨਿਅਮ ਨੂੰ ਨਹੀਂ ਸਮਝਦੇ। ਮਾਇਆ ਕਮਾਉਣ ਲਈ, ਵਿਖਾਵੇ ਮਾਤਰ ਪਾਠ ਕਰੀ ਜਾਂਦੇ ਹਨ। ਦਿਨ ਰਾਤ ਅਖੰਡ ਪਾਠ ਹੋ ਰਹੇ ਹਨ। ਇਹ ਕਿਰਿਆ

ਦਿਮਾਗ ਨੂੰ ਪ੍ਰੇਸ਼ਾਨ ਤੇ ਸਰੀਰ ਨੂੰ ਥਕਾਉਣ ਵਾਲੀ ਹੈ। ਹੋਰ ਕੋਈ ਇਸ ਵਿਚੋਂ ਪ੍ਰਾਪਤੀ ਨਹੀਂ ਹੋ ਸਕਦੀ। ਇਹ ਪਾਠੀ (ਜਾਂ ਬ੍ਰਾਹਮਣ+ਭਾਈ) ਅੰਦਰੋਂ ਵਿਕਾਰਾਂ ਨਾਲ ਲਬਰੇਜ ਹਨ। ਗਿਆਨ ਤੋਂ ਸੱਖਣੇ ਹਨ, ਅੰਨਿਆਂ ਵਾਂਗ ਜੀਵਨ ਜਿਉ ਰਹੇ ਹਨ। ਸੰਸਾਰ ਸਮੁੰਦਰ ਨੂੰ ਸਫਲਤਾ ਸਹਿਤ ਕਿਵੇਂ ਪਾਰ ਕਰਨਗੇ? ਬੇਦਾਂ ਵਿਚ ਕੀ ਹੈ ? ਕੇਵਲ ਵਾਦ ਵਿਵਾਦ ਵਾਧੂ ਦੇ ਝਗੜੇ ਤੇ ਵਿਰੋਧ ਦੀਆਂ ਫਜੂਲ ਗੱਲਾਂ। ਇਹਨਾਂ ਵਾਧੂ ਗੱਲਾਂ ਨਾਲ ਜਿੰਦਗੀ ਲਈ ਸਹੀ ਸੇਧ ਨਹੀਂ ਮਿਲਦੀ। ਅੰਦਰ ਟਿਕਾਉ ਨਹੀਂ ਆਉਂਦਾ। ਸਹੀ ਸਿਖਿਆ ਤਾਂ ਸਤਿਗੁਰੂ ਦੇ ਸ਼ਬਦ (ਬਾਣੀ) ਰਾਹੀਂ ਮਿਲਦੀ ਹੈ। ''ਪੁੰਨ ਕਰਕੇ, ਪਾਪ ਕੱਟਣੇ, ''ਇਹ ਬੇਦਾਂ ਦੀ ਲੁੱਟ ਸਿੱਖਿਆ ਹੈ। ਇਸੇ ਲੁੱਟ ਰਾਹੀਂ ਪੁਜਾਰੀ ਆਮ ਜੰਤਾਂ ਦਾ ਲਹੂ ਪੀ ਰਹੇ ਹਨ। ਸਤਿਗੁਰੂ ਜੀ ਨੇ ਸਿੱਖਾਂ ਨੂੰ ਗੁਰਬਾਣੀ ਰੂਪੀ ਅੰਮ੍ਰਿਤ ਪਿਆਲ ਦਿੱਤਾ ਹੈ। ਇਸ ਲਈ ਸਿੱਖ ਹਰ ਪਰਕਾਰ ਦੇ ਬੰਧਨਾਂ ਤੋਂ ਮੁਕਤ ਹੋ ਗਏ ਹਨ।

ਗੁਰੂ ਨਾਨਕ ਸਾਹਿਬ ਦੀ ਬੇ ਮਿਸਾਲ ਸਿੱਖਿਆ ਦੁਆਰਾ, ਸਿੱਖਾਂ ਦੇ ਮਨ ਗਿਆਨ ਨਾਲ ਭਰਪੂਰ ਹੋ ਗਏ। ਸਰੀਰ ਰਿਸਟ ਪੁਸਟ ਅਤੇ ਤਾਕਤਵਰ ਬਣ ਗਏ। ਆਪਣੇ ਵਿਕਾਰਾਂ ਦੇ ਬੰਧਨ ਤੋੜ ਦਿੱਤੇ। ਦੂਜਿਆਂ ਨੂੰ ਬੰਧਨ ਮੁਕਤ ਕਰਨ ਲਈ ਆਪਣੇ ਸੁਖ ਆਰਾਮ ਸਭ ਤਿਆਗ ਦਿੱਤੇ। ਸੂਰਮਗਤੀ ਦੀ ਸਿਖਰ ਨੂੰ ਪਹੁੰਚਣ ਵਾਲੇ ਮਹਾਨ ਯੋਧਿਆਂ ਨੂੰ ਦਸਮ ਪਾਤਿਸ਼ਾਹ ਹਜੂਰ ਨੇ ਮੁਕਤੇ ਦਾ ਲਕਬ ਦਿੱਤਾ ਸੀ। ਇਹ ਚਮਕੌਰ ਵਾਲੇ ਸਨ, ਚਾਹੇ ਮੁਕਤਸਰ ਵਾਲੇ ਸਨ। ਭਾਵੇਂ ਅਨੰਦਪੁਰ ਵਾਲੇ ਸਨ ਤੇ ਚਾਹੇ ਚਾਂਦਨੀ ਚੌਂਕ ਜਾਂ ਲਹੌਰ ਨਖਾਸ ਚੌਕ ਵਿਚਲੇ ਸ਼ਹੀਦ ਸਨ। ਇਹੀ ਸਨ ਅਸਲ ਮੁਕਤੇ। ਸਰੀਰ ਲੇਖੇ ਲਗ ਜਾਵੇ ਬੇਸ਼ੱਕ, ਪਰ ਗੁਲਾਮੀ ਗਲ ਨਹੀਂ ਪੈਣ ਦੇਣੀ।। ਸਰੀਰ ਦੇ ਸੁਆਦਾ ਤੋਂ ਭੀ ਮੁਕਤ। ਲੰਮੇ ਜੀਵਨ ਕਾਲ (ਉਮਰ) ਦੀ ਲਾਲਸਾ ਤੋਂ ਭੀ ਮੁਕਤ। ਸ਼ੂਕਦੇ ਤੀਰਾਂ ਵਿਚ ਲਿਸ਼ਕਦੀਆਂ ਤੇਗਾਂ ਵਿਚ ਵਰਦੀਆਂ ਗੋਲੀਆਂ ਦੀ ਪ੍ਰਵਾਹ ਨਾ ਕਰਦਿਆਂ, ਅੱਗੇ ਹੀ ਅੱਗੇ ਵਧਦੇ ਜਾਣਾ ਹੈ। ਗੁਲਾਮੀ ਗਲ ਨਹੀਂ ਪੈਣ ਦੇਣੀ। ਆਉ ਜੀਵਨ ਮੁਕਤ ਬਾਰੇ ਕੁੱਝ ਗੁਰਬਾਣੀ ਪਰਮਾਣ ਵਿਚਾਰ ਲਈਏ-

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।।**
**ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚੇ ਹੋਵੈ ਮੁਕਤਿ।।(522)**



ਹੇ ਭਾਈ ! ਸਤਿਗੁਰੂ ਜੀ ਦੀ ਸੱਚੀ ਅਗਵਾਈ ਵਿਚ ਚਲਦਿਆਂ, ਜੀਵਨ ਜਿਉਣ ਦੀ ਸਹੀ ਸੋਝੀ ਆਉਂਦੀ ਹੈ। ਸਾਰੇ ਭਰਮਾਂ ਤੋਂ ਮੁਕਤ ਹੋਕੇ, ਪ੍ਰਵਾਰ ਅਤੇ ਸਮਾਜ ਦੀਆਂ ਸਾਰੀਆਂ ਜਿੰਮੇਵਾਰੀਆਂ ਨਿਭਾਉਂਦਿਆਂ, ਜਿੰਦਗੀ ਬਤੀਤ ਕਰਨੀ ਹੈ। ਹੋਰ ਵੱਖਰੀ ਕੋਈ ਮੁਕਤੀ ਨਹੀਂ ਹੈ। ਹਸਦਿਆਂ ਖੇਲਦਿਆਂ ਖਾਂਦਿਆਂ ਪੈਹਨਦਿਆਂ ਨੇਕ ਜੀਵਨ ਬਤੀਤ ਕਰੋ, ਇਹੀ ਮੁਕਤੀ ਹੈ।

**ਸਤਿਗੁਰ ਨਾ ਸੇਵਹਿ ਮੂਰਖ ਅੰਧਗਵਾਰਾ।।**
**ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ।।(115)**

ਹੇ ਭਾਈ ! ਨਾ ਸਮਝ ਲੋਕ ਸਤਿਗੁਰੂ ਦੀ ਸਿੱਖਿਆ ਤੇ ਤਾਂ ਟੁਰਦੇ ਨਹੀਂ। ਹੋਰ ਹੋਰ ਪਾਖੰਡ ਕਰਮ ਕਰਕੇ, ਮੁਕਤ ਹੋਣਾ ਲੋਚਦੇ ਹਨ। ਇਸ ਤਰ੍ਹਾਂ ਉਹ ਬੰਧਨਾਂ ਤੋਂ ਛੁਟਕਾਰਾ ਨਹੀਂ ਪਾ ਸਕਣਗੇ।

**ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ।।**
**ਸੂਦੁ ਸੂਦੁ ਕਰਿ ਮਾਰਿ ਉਠਾਇਓ, ਕਹਾ ਕਰਉ ਬਾਪ ਬੀਠਲਾ।।**
**ਮੂਏ ਹੂਏ ਜਉ ਮੁਕਤਿ ਦੇਹੁਗੇ, ਮੁਕਤਿ ਨਾ ਜਾਨੈ ਕੋਇਲਾ।।**
**ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛਉਂਡੀ ਹੋਇਲਾ।।(1292)**

ਹੇ ਭਾਈ ! ਇਹ ਪੁਜਾਰੀ ਲੋਕ ਆਪਣੇ ਆਪ ਨੂੰ ਉਚੀ ਜਾਤ ਵਾਲਾ ਹੋਣ ਦਾ ਹੰਕਾਰ ਚੁਕੀ ਫਿਰਦੇ ਹਨ। ਮੈਂ (ਨਾਮਦੇਵ ਜਾਂ ਅਖੌਤੀ ਨੀਵੀਆਂ ਜਾਤਾਂ ਵਾਲੇ ਲੋਕ) ਜਾਤ ਪੱਖੋਂ ਛੀਪਾ ਹਾਂ, ਇਹਨਾਂ ਦੀ ਨਜਰ ਵਿਚ ਅਤੀ ਨੀਵਾਂ ਹਾਂ। ਇਸੇ ਲਈ ਬਿਨਾਂ ਵਜਾਹ ਮੇਰੀ ਬੇਇੱਜਤੀ ਕਰਦੇ ਰਹਿੰਦੇ ਹਨ। ਜਿਥੇ ਕਿਤੇ ਦੋ ਬੰਦਿਆਂ ਵਿਚ ਖੜਾ ਬੈਠਾ ਹੋਵਾਂ ਸੂਦਰ ਸੂਦਰ ਆਖ ਕੇ ਧੱਕੇ ਮਾਰਦੇ ਹਨ। ਸਭਾ ਵਿਚੋਂ ਕੱਢ ਦਿੰਦੇ ਹਨ। ਇਸ ਤਰ੍ਹਾਂ ਦੇ ਭੈੜੇ ਨਿਜਾਮ ਵਿਚ ਮੈਂ ਕੀਹਦੇ ਅੱਗੇ ਇਨਸਾਫ ਲਈ ਪੁਕਾਰ ਕਰਾਂ? ਸੁਣਿਆ ਹੈ ਕਿ ''ਸਿਮਰਨ'' ਕਰਨ ਵਾਲਿਆਂ ਨੂੰ ਮਰਨ ਤੋਂ ਬਾਦ ਮੁਕਤੀ ਮਿਲਦੀ ਹੈ। ਕੌਣ ਜਾਣੇ ਮਿਲਦੀ ਹੈ ਕਿ ਨਹੀਂ, ਕੀਹਨੇ ਵੇਖੀ ਹੈ ? ਮੈਨੂੰ ਅਜਿਹੀ ਮੁਕਤੀ ਦੀ ਲੋੜ ਨਹੀਂ, ਜੋ ਮਰਨ ਤੋਂ ਮਗਰੋਂ ਮਿਲੇ। ਮੈਨੂੰ ਤਾਂ ਇਥੇ ਹੀ ਇਸੇ ਜੀਵਨ ਵਿਚ ਹਰ ਤਰ੍ਹਾਂ ਦੀਆਂ ਪਾਬੰਦੀਆਂ ਤੋਂ ਖਲਾਸੀ ਚਾਹੀਦੀ ਹੈ। ਇਹ ਪੁਜਾਰੀ ਬ੍ਰਾਹਮਣ ਲੋਕ, ਮੈਨੂੰ ਅਤੀ ਘਟੀਆ ਤਰੀਕੇ ਅਪਮਾਨਤ ਕਰਦੇ ਹਨ। ''ਢੇਡ''

ਕਹਿ ਕੇ ਬੁਲਾਉਂਦੇ ਹਨ। ਜਿਸਦਾ ਮਤਲਬ ਹੈ ਅਤੀ ਨੀਵਾਂ ਤੇ ''ਹਰਾਮੀ''। ਹੇ ਪਰਮ ਕਿਰਪਾਲੂ ਪਿਤਾ ਜੀ ! ਪਰਮੇਸ਼ਰ ਜੀ ਮੈ ਭੀ ਤੇਰਾ ਹੀ ਪੈਦਾ ਕੀਤਾ, ਤੇਰਾ ਹੀ ਪੁੱਤਰ ਹਾਂ। ਇਹ ਜਦੋਂ ਮੈਨੂੰ ਨੀਚ ਤੇ ਹਰਾਮੀ ਕਹਿੰਦੇ ਹਨ, ਤਾਂ ਮੇਰੀ ਹੀ ਨਹੀਂ, ਤੇਰੀ ਬੇਇੱਜਤੀ ਹੁੰਦੀ ਹੈ। ਕਿਉਂਕਿ ਮੈਂ ਤੈਨੂੰ ਪਿਤਾ ਸਵੀਕਾਰ ਕੀਤਾ ਹੈ।

**ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸ਼ਿਆ।।**
**ਤਿਸਕੀ ਗਈ ਬਲਾਇ ਮਿਟੇ ਅੰਦੇਸਿਆ।।**
**ਤਿਸਕਾ ਦਰਸ਼ਨੁ ਦੇਖਿ ਜਗਤੁ ਨਿਹਾਲੁ ਹੋਇ।।**
**ਜਨ ਕੈ ਸੰਗਿ ਨਿਹਾਲੁ ਪਾਪਾਂ ਮੈਲੁ ਧੋਇ।।....**
**ਜਿਸ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ।।**
**ਗੁਰ ਪ੍ਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ।। (519)**

ਪਿੱਛੇ ਅਸੀਂ ਜਿੰਦਗੀ ਦੇ ਕਈ ਪਹਿਲੂਆਂ ਬਾਰੇ ਵਿਚਾਰ ਕਰ ਚੁੱਕੇ ਹਾਂ। ਆਉ ਅਗਲੇ ਹਿੱਸੇ ਵਿਚ ਹੁਣ ਗੁਰਬਾਣੀ ਦੇ ਉਹਨਾਂ ਪਰਮਾਣਾਂ ਬਾਰੇ ਸਿਧਾਂਤਕ ਜਾਣਕਾਰੀ ਲਈਏ, ਜਿਨ੍ਹਾਂ ਵਿਚੋਂ ਆਵਾਗਵਣ ਜਾਂ 84 ਲੱਖ ਜੂਨਾ ਬਾਰੇ ਸੇਧ ਮਿਲਦੀ ਹੋਵੇ–

**ਸੁਣਿ ਮਨ ਮਿਤ੍ਰ ਪਿਆਰਿਆ, ਮਿਲੁ ਵੇਲਾ ਹੈ ਏਹ।।**
**ਜਬ ਲਗੁ ਜੋਬਨਿ ਸਾਸੁ ਹੈ, ਤਬ ਲਗੁ ਇਹੁ ਤਨੁ ਦੇਹ।।**
**ਬਿਨੁ ਗੁਣ ਕਾਮਿ ਨ ਆਵਹੀ, ਢਹਿ ਢੇਰੀ ਤਨੁ ਖੇਹ।। (20)**

ਹੇ ਪਿਆਰੇ ਮਨਾ ! ਪਰਮੇਸ਼ਰ ਨੂੰ ਯਾਦ ਕਰਨ ਦਾ ਇਹੀ ਠੀਕ ਸਮਾਂ ਹੈ। ਜਦੋਂ ਤਕ ਸਰੀਰ ਵਿਚ ਤਾਕਤ ਹੈ, ਸੁਆਸ ਚਲ ਰਹੇ ਹਨ, ਇਹ ਦੇਹ ਜਾਂ ਤਨ ਉਦੋਂ ਤੱਕ ਹੀ ਹੈ। ਜੇ ਤੂੰ ਗੁਣ ਧਾਰਨ ਨਾ ਕੀਤੇ, ਗੁਰੂ ਦੀ ਸਿੱਖਿਆ ਲੈ ਕੇ ਨੇਕ ਰਾਹ ਤੇ ਨਾ ਟੁਰਿਆ, ਫਿਰ ਇਹ ਸੋਹਣਾ, ਸਰੀਰ ਕਿਸ ਕੰਮ ? ਸਮੇਂ ਨਾਲ ਇਸ ਦੇਹੀ ਨੇ ਮਿੱਟੀ ਵਿਚ ਮਿਲ ਜਾਣਾ ਹੈ, ਇਸ ਤੋਂ ਚੰਗੇਰੇ ਕਾਰਜ ਕਰਵਾ ਲੈ।

**ਕਹਾਂ ਤੇ ਆਇਆ ਕਹਾਂ ਏਹ ਜਾਣੁ।। ਜੀਵਤ ਮਰਤ ਰਹੈ ਪਰਵਾਣੁ।।**
**ਹੁਕਮੈ ਬੁਝੈ ਤਤੁ ਪਛਾਣੈ।। ਇਹੁ ਪਰਸਾਦੁ ਗੁਰੂ ਤੇ ਜਾਣੈ।।**
**ਹੋਂਦਾ ਫੜੀਅਗੁ ਨਾਨਕ ਜਾਣੁ।। ਨਾ ਹਉ ਨਾ ਮੈ ਜੂਨੀ ਪਾਣੁ।। (1289)**



ਹੇ ਭਾਈ ! ਕੌਣ ਦਸ ਸਕਦਾ ਹੈ ਕਿ ਮਨੁੱਖ ਕਿਥੋਂ ਆਇਆ ਹੈ? ਕੀ ਪਤਾ ਕਿੱਥੇ ਚਲਾ ਜਾਵੇਗਾ? ਅਸਲ ਤੱਤ ਵਸਤੂ ਇਹ ਹੈ ਕਿ ਜਨਮ ਤੋਂ ਲੈ ਕੇ ਮਰਨ ਤਕ ਜਿਤਨੀ ਉਮਰ ਪ੍ਰਾਪਤ ਹੋਈ ਹੈ, ਭਲੇ ਕੰਮ ਕਰਕੇ ਉਸਨੂੰ ਸਕਾਰਥੀ ਕਰ ਲਵੇ। ਅਕਾਲ ਪੁਰਖ ਦੇ ਬਣਾਏ ਕਾਨੂੰਨ (ਅਸੂਲ) ਨੂੰ ਸਮਝ ਲਵੇ। ਠੀਕ ਕੀ ਹੈ ਗਲਤ ਕੀ ਹੈ, ਇਸ ਦੀ ਪਰਖ ਕਰ ਲਵੇ। ਇਹ ਪਰਸਾਦ, ਜੀਵਨ ਸਫਲਾ ਕਰਨ ਵਾਲੀ ਮੱਤ, ਸਤਿਗੁਰੂ ਤੋਂ ਮਿਲਦੀ ਹੈ। ਇਥੇ ਆਪਣੀ ਹੰਕਾਰ ਬਿਰਤੀ ਵਾਲੇ ਵਿਕਾਰਾਂ ਦੇ ਕਾਬੂ ਆ ਜਾਂਦੇ ਹਨ। ਕਿਉਂਕਿ ਉਹਨਾਂ ਨੂੰ ਆਪਣੀ ਛੋਟੀ ਮੱਤ ਭੀ ਵੱਡੀ ਪ੍ਰਤੀਤ ਹੁੰਦੀ ਹੈ। ਇਸੇ ਲਈ ਗੁਰੂ ਦੀ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਇਹ ਗੱਲ ਸਦਾ ਧਿਆਨ ਵਿਚ ਰਹੇ ਕਿ ਹਉਮੈ ਤਿਆਗ ਕੇ, ਨਿਮਰਤਾ ਧਾਰਨ ਕਰਕੇ ਰਹੇ। ਇਸ ਤਰ੍ਹਾਂ ਮਨ, ਪਸ਼ੂ ਬਿਰਤੀਆਂ ਤੋਂ ਬਚਿਆ ਰਹੇਗਾ।

**ਪੁਛਿ ਨ ਸਾਜੇ ਪੁਛਿ ਨਾ ਢਾਹੇ ਪੁਛਿ ਨ ਦੇਵੈ ਲੇਇ।।**
**ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।। (53)**

ਨਿਰੰਕਾਰ ਕਿਸੇ ਨੂੰ ਪੁੱਛਕੇ ਜੀਵਾਂ ਦੀ ਸਿਰਜਣਾ ਨਹੀਂ ਕਰਦਾ। ਨਾ ਹੀ ਕਿਸੇ ਦੀ ਸਲਾਹ ਨਾਲ ਵਿਨਾਸ ਕਰਦਾ ਹੈ। ਜੀਵਾਂ ਅੰਦਰਲੀ ਜੋਤਿ ਭੀ ਆਪਣੇ ਅਸੂਲ ਮੁਤਾਬਕ ਬਖਸ਼ਦਾ ਹੈ। ਕਿਸੇ ਹੋਰ ਦਾ ਇਸ ਕੰਮ ਵਿਚ ਕੋਈ ਯੋਗਦਾਨ ਨਹੀਂ ਹੈ। ਇਸ ਸਿਧਾਂਤ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕਿਉਂਕਿ ਕੁਦਰਤ ਦੇ ਮਹਾਨ ਪਸਾਰੇ ਨੂੰ ਮਨੁੱਖ ਪੂਰੀ ਤਰ੍ਹਾਂ ਸਮਝ ਹੀ ਨਹੀਂ ਸਕਦਾ। ਇਸੇ ਲਈ ਫਿਰ ਬਿਆਨ ਭੀ ਨਹੀਂ ਕਰ ਸਕਦਾ। ਇਸ ਬਾਰੇ ਤਾਂ ਹਰ ਕੋਈ ਹੈਰਾਨ ਹੈ ਕਿ ਇਹ ਸਭ ਕਿਵੇਂ ਹੋ ਗਿਆ ?

**ਜਾ ਤਿਸੁ ਭਾਣਾ ਤਾ ਜਗਤੁ ਉਪਾਇਆ।।**
**ਬਾਝੁ ਕਲਾ ਆਡਾਣੁ ਰਹਾਇਆ।।....**
**ਵਿਰਲੇ ਕਉ ਗੁਰ ਸਬਦੁ ਸੁਣਾਇਆ।।**
**ਕਰਿ ਕਰਿ ਦੇਖੈ ਹੁਕਮੁ ਸਬਾਇਆ।।**
**ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।।**
**ਤਾ ਕਾ ਅੰਤੁ ਨ ਜਾਣੈ ਕੋਈ।। ਪੂਰੇ ਗੁਰ ਤੇ ਸੋਝੀ ਹੋਈ।।**

**ਨਾਨਕ ਸਾਚਿ ਰਹੇ ਬਿਸਮਾਦੀ, ਬਿਸਮਾਦ ਭਏ ਗੁਣ ਗਾਇਦਾ।। (1036)**

ਹੇ ਭਾਈ ! ਜਦੋਂ ਨਿਰੰਕਾਰ ਦੀ ਇੱਛਾ ਹੋਈ, ਤਾਂ ਉਸਨੇ ਕਾਇਨਾਤ ਦੀ ਰਚਨਾ ਕਰ ਦਿੱਤੀ। ਧਰਤੀ ਸੂਰਜ ਚੰਦ ਤੇ ਹੋਰ ਸਾਰਾ ਪੁਲਾੜ ਬਿਨਾਂ ਕਿਸੇ ਬਾਹਰੀ ਸਹਾਰੇ ਤੋਂ ਕਰਤਾਰ ਦੇ ਸੂਤ (ਨਿਅਮ) ਵਿਚ ਬੰਨਿਆ ਖਲੋਤਾ ਹੈ। ਕਿਸੇ ਵਿਰਲੇ ਮਨੁੱਖ ਨੂੰ ਗੁਰੂ ਤੋਂ ਇਹਨਾਂ ਉਚੀਆਂ ਰਮਜਾਂ ਦੀ ਸਮਝ ਪੈਂਦੀ ਹੈ। ਕਰਤਾ ਪੁਰਖ ਅਪਣੇ ਕੀਤੇ ਨੂੰ ਖੁਦ ਹੀ ਕਾਬੂ ਵਿਚ ਰਖਦਾ ਹੈ। ਧਰਤੀ ਵਿਚਲੇ ਭੂਖੰਡ, ਬ੍ਰਹਮੰਡ, ਆਕਾਸ਼ ਪਾਤਾਲ ਸਭ ਬਣਾ ਦਿੱਤੇ। ਇਸ ਤਰ੍ਹਾਂ ਨਿਰੰਕਾਰ ਆਪਣੀ ਸਾਰੀ ਕੁਦਰਤ ਰਾਹੀਂ ਆਕਾਰ (ਸਰਗੁਣ ਸਰੂਪ) ਵਿਚ ਆਕੇ ਦਿਖਾਈ ਦੇਣ ਲੱਗਾ। ਕਰਤੇ ਦੀ ਅਸਚਰਜ ਕੁਦਰਤ ਦਾ ਕੋਈ ਅੰਤ ਨਹੀਂ ਹੈ। ਬਸ ਸਮਰੱਥ ਗੁਰੂ (ਗੁਰੂ ਨਾਨਕ ਸਾਹਿਬ) ਦੀ ਮਹਾਨ ਵਿਚਾਰ ਧਾਰਾ ਰਾਹੀਂ, ਕਾਦਰ ਅਤੇ ਕੁਦਰਤ ਬਾਰੇ ਸਮਝ ਆਉਂਦੀ ਹੈ। ਆਖ, ਹੇ ਨਾਨਕ ! ਉਸ ਸੱਚੇ ਦੇ ਕੌਤਕ ਵੇਖ ਕੇ ਵਿਸਮਾਦ ਵਿਚ ਆ ਜਾਈਦਾ ਹੈ। ਬਸ ਮੈਂ ਜਦੋਂ ਭੀ ਇਸ ਸਭ ਨੂੰ ਸਮਝਦਾ ਵੇਖਦਾ ਹਾਂ, ਹੈਰਾਨ ਹੋਕੇ ਉਸ ਦੇ ਗੁਣ ਗਾਉਣ ਲਗ ਜਾਂਦਾ ਹਾਂ। ਉਹ ਅਥਾਹ ਹੈ ਬੇਅੰਤ ਹੈ। ਜਦੋਂ ਸਾਰੀ ਸ੍ਰਿਸਟੀ ਦਾ ਪ੍ਰਗਟਾ ਹੀ ਅਸਚਰਜ ਜਨਕ ਹੈ, ਤਾਂ ਮਨੁੱਖ ਕਿਵੇਂ ਪੈਦਾ ਹੋਇਆ? ਕਿਥੇ ਚਲਾ ਜਾਵੇਗਾ, ਕੌਣ ਜਾਣ ਸਕਦਾ ਹੈ?

**ਧੋਹ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ।।**
**ਕਰਤਬ ਕਰਨ ਭਲੇਰਿਆ, ਮਦਿ ਮਾਇਆ ਸੁਤੇ।।**
**ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗ ਮੁਤੇ।।**
**ਕੀਤਾ ਪਾਇਨਿ ਆਪਣਾ ਦੁਖ ਸੇਤੀ ਜੁਤੇ**
**ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ।। (321)**

ਹੇ ਭਾਈ ! ਕਰਤਾਰ ਨਾਲ ਠੱਗੀ ਚਲਾਕੀ ਨਹੀਂ ਚਲਦੀ। ਜੋ ਮਨੁੱਖ ਲੋਭ ਮੋਹ ਆਦਿ ਵਿਕਾਰਾਂ ਵਿਚ ਗਰਕ ਹੋ ਜਾਣ, ਤੇ ਉਤੋਂ ਧਰਮੀ ਹੋਣ ਦਾ ਪਾਖੰਡ ਕਰਨ, ਉਹਨਾਂ ਦਾ ਜੀਵਨ ਬੇਕਾਰ ਗਿਆ। ਬਾਹਰੀ ਤੌਰ ਤੇ ਚੰਗੇ ਹੋਣ ਦਾ ਛਲਾਵਾ ਕਰਦੇ ਹਨ। ਅੰਦਰੋਂ ਮਾਇਆ ਦੇ ਨਸ਼ੇ ਵਿਚ ਸੁੱਤੇ ਹੁੰਦੇ ਹਨ। ਅਜਿਹੇ ਲੋਕ ਮਨ ਦੀ ਉਚੀ ਨੀਵੀ ਹਾਲਤ ਮੁਤਾਬਕ ਉਚੀਆਂ ਨੀਵੀਆਂ ਜੂਨਾਂ ਵਿਚ ਹੀ ਜਿਉਂ ਰਹੇ ਹੁੰਦੇ ਹਨ।



ਸਮਝੋ ਇਹ ਲੋਕ ਵਿਕਾਰਾਂ ਵਾਲੇ ਜਮਦੂਤਾਂ ਨੇ ਜਕੜੇ ਹੋਏ ਹਨ। ਕਿਸੇ ਨੂੰ ਕੀ ਦੋਸ਼? ਖੁਦ ਹੀ ਮਨ ਤੇ ਕਾਬੂ ਨਾ ਰੱਖਿਆ, ਗੁਰੂ ਦੀ ਚੰਗੀ ਮੱਤ ਨਾ ਲਈ। ਇਹਨਾਂ ਨੂੰ ਸਦਾ ਦੁਖ ਘੇਰਾ ਪਾਈ ਰਖਦੇ ਹਨ। ਹੇ ਨਾਨਕ ! ਕਰਤਾਰ ਦੇ ਨਿਅਮ ਨੂੰ ਵਿਸਾਰ ਕੇ, ਸੁਖ ਨਹੀਂ ਮਿਲੇਗਾ। ਉਹਨਾਂ ਲਈ ਹਰ ਸਮਾਂ ਹਰ ਮੌਸਮ ਮੰਦਾ ਹੀ ਮੰਦਾ ਹੈ।

**ਅਨਿਕ ਰਸਾ ਖਾਏ ਜੈਸੇ ਢੋਰ।। ਮੋਹ ਕੀ ਜੇਵਰੀ ਬਾਂਧਿਓ ਚੋਰ।।**
**ਮਿਰਤਕ ਦੇਹ ਸਾਧ ਸੰਗਿ ਬਿਹੂਨਾ।।ਆਵਤ ਜਾਤ ਜੋਨੀ ਦੁਖ ਖੀਨਾ।। (190)**

ਹੇ ਭਾਈ ! ਰੱਬ ਜੀ ਵੱਲੋਂ ਦਿੱਤੇ ਅਨੇਕ ਸੁਆਦਲੇ ਪਦਾਰਥ ਖਾਕੇ, ਜਾਨਵਰ ਨਾ ਬਣ ਜਾ। ਨਿਰੰਕਾਰ ਦਾ ਸ਼ੁਕਰਾਨਾ ਕਰ ਤੇ ਵਿਕਾਰ ਤਿਆਗ ਕੇ ਨੇਕ ਕਾਰਜ ਕਰ। ਜਿਵੇਂ ਚੋਰ ਨੂੰ ਫੜ ਕੇ ਬੇੜੀਆਂ ਹਥਕੜੀਆਂ ਵਿਚ ਜਕੜ ਲਿਆ ਜਾਂਦਾ ਹੈ। ਤੂੰ ਇਸੇ ਤਰ੍ਹਾਂ ਮੋਹ ਦੀਆਂ ਤੰਦਾਂ ਵਿਚ ਬੱਝ ਚੁਕਿਆ ਹੈ। ਇਹ ਸਰੀਰ ਮੁਰਦਾ ਲਾਸ਼ ਦੀ ਨਿਆਈ ਹੈ, ਅਗਰ ਭਾਈਚਾਰੇ ਨਾਲ ਮਿਲਕੇ ਗਿਆਨ ਹਾਸਲ ਕਰਕੇ ਮਨੁਖਤਾ ਦਾ ਭਲਾ ਨਹੀਂ ਕਰਦਾ। ਅਜਿਹੇ ਮੰਦੇ ਕੰਮਾਂ ਕਰਕੇ ਤੂੰ ਇਨਸਾਨ ਨਹੀਂ ਅਖਵਾ ਸਕਦਾ। ਇਹ ਤਾਂ ਪਸ਼ੂ ਜੋਨੀਆਂ ਵਾਲੇ ਕੰਮ ਹਨ।

**ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ।।**
**ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ।। (1286)**

ਹੇ ਭਾਈ ! ਇਹ ਜੋ ਲੁਟੇਰੇ ਲੋਕ ਗੁਰੂ ਪੀਰ ਸੰਤ ਬਣਕੇ ਸੇਵਕਾਂ ਨੂੰ ਅਸੀਰਵਾਦਾਂ ਦੇਂਦੇ ਹਨ। ਉਹਨਾਂ ਦੀ ਲੰਮੀ ਉਮਰ ਦੀਆਂ ਅਰਦਾਸ਼ਾਂ ਕਰਦੇ ਹਨ। ਉਹ ਸਾਰੇ ਅਰਦਾਸਾਂ ਕਰਨ ਵਾਲੇ ਭੀ, ਸਮੇਂ ਮੁਤਾਬਕ ਮਰ ਜਾਂਦੇ ਹਨ। ਜਿਨ੍ਹਾਂ ਦੀ ਵੱਡੀ ਉਮਰ ਲਈ ਦੁਆਵਾਂ ਦਿੱਤੀਆਂ ਜਾਂਦੀਆਂ ਹਨ, ਉਹ ਭੀ ਮਰ ਜਾਂਦੇ ਹਨ। ਨਿਰੰਕਾਰ ਦੇ ਨਿਅਮ ਨੂੰ ਇਹ ਲੋਕ ਨਹੀਂ ਜਾਣਦੇ। ਕੀ ਪਤਾ ਨਿਰੰਕਾਰ ਨੇ ਆਪਣਾ ਸਿਧਾਂਤ ਕਿਵੇਂ ਬੰਨਿਆ ਹੋਇਆ ਹੈ? ਮਰਨਾ ਜੰਮਣਾ ਉਸ ਦੇ ਬਣਾਏ ਕਾਨੂੰਨ ਮੁਤਾਬਕ ਹੈ।

**ਜੋ ਨ ਸੁਨਹਿ ਜਸੁ ਪਰਮਾਨੰਦਾ।।**
**ਪਸ਼ੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।।**
**ਕਹੁ ਨਾਨਕ ਗੁਰਿ ਮੰਤ੍ਰ ਦ੍ਰਿੜਾਇਆ।।**
**ਕੇਵਲ ਨਾਮ ਰਿਦ ਮਾਹਿ ਸਮਾਇਆ।। (118)**

ਹੇ ਭਾਈ! ਜੋ ਮਨੁੱਖ ਪਰਮੇਸ਼ਰ ਦੀ ਸਿਫਤ ਸਲਾਹ ਨਹੀਂ ਸੁਣਦਾ। ਗੁਰੂ ਤੋਂ ਮੁਤ ਨਹੀਂ ਲੈਂਦਾ। ਮਾਨੋ ਉਹ ਤਾਂ ਨਿਰਾ ਪਸ਼ੂ ਹੈ। ਪੰਛੀਆਂ ਸਮਾਨ ਹੈ। ਹੋਰ ਅਣਗਿਣਤ ਮੰਦੀਆਂ ਜੂਨੀਆਂ ਦਾ ਸਮਝੋ ਗੰਦਾ ਕੀੜਾ ਹੈ। ਉਸਨੂੰ ਇਨਸਾਨ ਕਿਵੇ ਕਹਿ ਸਕਦੇ ਹਾਂ? ਹੇ ਨਾਨਕ ! ਆਖ ਗੁਰੂ ਨੇ ਇਕ ਅਜਿਹਾ ਨੁਕਤਾ (ਗੁਰ+ਵਿਧੀ+ਤਰੀਕਾ) ਸਮਝਾ ਦਿੱਤਾ, ਪੱਕਾ ਕਰਕੇ ਹਿਰਦੇ ਵਿਚ ਬਸਾ ਦਿੱਤਾ। ਸਿਰਫ ਰੱਬ ਜੀ ਤੇ ਵਿਸ਼ਵਾਸ ਲਿਆਉਣਾ ਹੈ। ਹੋਰ ਕੋਈ ਭਰਮ ਨਹੀਂ ਕਰਨਾ।

**ਮਾਂ ਕੀ ਰਕਤੁ ਪਿਤਾ ਬਿੰਦੁ ਧਾਰਾ।। ਮੂਰਤਿ ਸੂਰਤਿ ਕਰਿ ਆਪਾਰਾ।।**
**ਜੋਤਿ ਦਾਤਿ ਜੇਤੀ ਸਭ ਤੇਰੀ, ਤੂ ਕਰਤਾ ਸਭ ਠਾਈ ਹੇ।। (1022)**

ਹੇ ਭਾਈ ! ਮਨੁੱਖ ਦੇ ਪੈਦਾ ਹੋਣ ਦੀ ਨਿਰੰਕਾਰ ਨੇ ਇਕ ਵਿਧੀ ਬਣਾਈ ਹੋਈ ਹੈ। ਇਸ ਲਈ ਮਾਤਾ ਦਾ ਖੂਨ ਤੇ ਪਿਤਾ ਦਾ ਬੀਜ ਜਦੋਂ ਆਪਸ ਵਿਚ ਮਿਲਦੇ ਹਨ, ਤਾਂ ਬੱਚੇ ਦੀ ਨੀਂਹ ਟਿਕ ਜਾਂਦੀ ਹੈ। ਸਰੀਰ ਦੇ ਵਿਕਾਸ ਕਰਮ ਮੁਤਾਬਕ ਬੱਚਾ ਵਧਣਾ ਸ਼ੁਰੂ ਹੋ ਜਾਂਦਾ ਹੈ। ਮਾਤਾ ਪਿਤਾ ਵਰਗੇ ਅੰਗ, ਰੰਗ ਸੁਭਾ, ਗੁਣ ਔਗੁਣ ਸਾਰੇ ਨਾਲ ਲੈਕੇ ਪੈਦਾ ਹੁੰਦਾ ਹੈ। ਇਸ ਸਰੀਰ ਵਿਚਲੇ ਤੱਤ ਅਤੇ ਜੋਤ ਤੇਰੇ ਵਲੋਂ ਹੀ ਬਖਸ਼ੇ ਹੋਏ ਹਨ। ਇਹ ਬੜੀ ਅਸਚਰਜ ਕਿਰਿਆ ਹੈ। ਹੇ ਨਿਰੰਕਾਰ ਤੂੰ ਜੋਤਿ ਰੂਪ ਵਿਚ ਹਰ ਥਾਵੇਂ ਖੁਦ ਮੌਜੂਦ ਹੈਂ।

ਇਹ ਸਰੀਰ ਕਰਤਾਰ ਵਲੋਂ ਸਿਰਜੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ। ਜਦੋਂ ਪੰਜ ਤੱਤ ਇਕ ''ਨਿਰੰਕਾਰੀ ਸਿਧਾਂਤ'' ਵਿਚ ਮਿਲਕੇ ਕੰਮ ਕਰਦੇ ਹਨ, ਤਾਂ ਇਹ ਜੀਵ ਜਿਉਂਦਾ ਹੈ। ਹਸਦਾ ਬੋਲਦਾ ਖੇਲਦਾ ਹੈ। ਜਦੋਂ ਇਹ ਪੰਜੇ ਤੱਤ ਮਿਲ ਚੱਲਣ ਤੋਂ ਇਨਕਾਰੀ ਹੋ ਜਾਣ, ਕੋਈ ਵਿਘਨ ਪੈ ਜਾਵੇ ਤਾਂ ''ਮੌਤ ਹੋ ਗਈ'' ਸਵੀਕਾਰ ਕਰ ਲਈ ਜਾਂਦੀ ਹੈ। ਜਨਮਦਾ ਮਰਦਾ ਕੁਝ ਨਹੀਂ, ਕੇਵਲ ਤੱਤ ਆਪਣਾ ਰੂਪ ਵਟਾ ਲੈਂਦੇ ਹਨ। ਗੁਰਬਾਣੀ ਇਸ ਦੀ ਗਵਾਹੀ ਭਰ ਰਹੀ ਹੈ-

**ਪਵਨੈ ਮਹਿ ਪਵਨੁ ਸਮਾਇਆ।। ਜੋਤੀ ਮਹਿ ਜੋਤਿ ਰਲਿ ਜਾਇਆ।।**
**ਮਾਟੀ ਮਾਟੀ ਹੋਈ ਏਕ।। ਰੋਵਨਹਾਰੇ ਕੀ ਕਵਨ ਟੇਕ।।**
**ਕਉਨੁ ਮੂਆ ਰੇ ਕਉਨੁ ਮੂਆ।।**
**ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ।। ਰਹਾਉ।।**



**ਇਹੁ ਤਉ ਰਚਨੁ ਰਚਿਆ ਕਰਤਾਰਿ।।**
**ਆਵਤ ਜਾਵਤ ਹੁਕਮਿ ਅਪਾਰਿ।।**
**ਨਹ ਕੋ ਮੂਆ ਨ ਮਰਣੈ ਜੋਗੁ।। ਨਹ ਬਿਨਸੈ ਅਬਿਨਾਸੀ ਹੋਗੁ।।**
**ਕਹੁ ਨਾਨਕ ਗੁਰਿ ਭਰਮੁ ਚੁਕਾਇਆ।।**
**ਨਾ ਕੋਈ ਮਰੈ ਨ ਆਵੈ ਜਾਇਆ।। (885)**

ਹੇ ਭਾਈ ! ਕਉਣ ਮਰਿਆ ਹੈ ਦਸੋ ਤਾਂ ਸਹੀ? ਉਚੇ ਮਾਨਸਕ ਮੰਡਲ ਵਾਲੇ ਸਿਆਣੇ ਪੁਰਖਾਂ ਤੋਂ ਪੁੱਛ ਵੇਖੋ। ਇਹ ਸਿਲਸਲਾ ਸਦੀਆਂ ਤੋਂ ਇਸੇ ਤਰ੍ਹਾਂ ਚਲਦਾ ਆ ਰਿਹਾ ਹੈ। ਇਥੇ ਮਰਦਾ ਕੋਈ ਨਹੀਂ, ਕੇਵਲ ਰੂਪ ਵਟ ਜਾਂਦਾ ਹੈ। ਰਹਾਉ।।

ਗਹਿਰਾਈ ਨਾਲ ਪਰਖ ਕਰਕੇ ਵੇਖੋ, ਜਦੋਂ ਮਨੁੱਖ ਮਰ ਗਿਆ ਮੰਨ ਲਿਆ ਜਾਂਦਾ ਹੈ, ਤਾਂ ਅੰਦਰ ਚਲ ਰਹੀ ਸੁਆਸ ਰੂਪੀ ਹਵਾ ਅੰਦਰ ਜਾਣ ਤੋਂ ਰੁਕ ਗਈ। ਬਾਹਰ ਦੀ ਬਾਹਰ ਰਹਿ ਗਈ। ਜਾਨੀ ਕਿ ਹਵਾ ਵਿਚ ਹਵਾ ਸਮਾ ਗਈ। ਇਹ ਚੱਲ ਰਹੀ ਪਉਣ ਕਿਧਰੇ ਭੀ ਨਹੀਂ ਗਈ। ਇਸੇ ਤਰ੍ਹਾਂ ਜੋ ਸ਼ਕਤੀ ਸਰੀਰ ਨੂੰ ਚਲਾ ਰਹੀ ਸੀ। ਜਿਸ ਨੂੰ ਧਾਰਮਕ ਬੋਲੀ ਵਿਚ ਰੱਬੀ ਜੋਤ ਕਹਿ ਲਿਆ ਜਾਂਦਾ ਹੈ। ਆਮ ਬੋਲੀ ਵਿਚ (ਜਿੰਦ) **''ਜਾਨ''** ਆਖ ਦਿੱਤਾ ਜਾਂਦਾ ਹੈ। ਵਿਗਿਆਨਕ ਬੋਲੀ ਵਿਚ ਆਕਾਸ਼ ਦੱਸਿਆ ਗਿਆ ਹੈ। ਇਹ ਜੋਤ ਵਾਪਸ ਆਪਣੇ ਅਸਲੇ ਵਿਚ ਚਲੀ ਗਈ। ਮਰਿਆ ਕੋਈ ਨਹੀਂ। ਮਿੱਟੀ ਵਿੱਚ ਮਿੱਟੀ ਰਲ ਗਈ। ਕਿਉਂਕਿ ਸਰੀਰ ਮਿੱਟੀ ਦਾ ਹੀ ਤਾਂ ਪੁਤਲਾ ਹੈ। ਫਿਰ ਮਨੁੱਖ ਰੋਂਦਾ ਕਿਉਂ ਹੈ? ਕਿਉਂਕਿ ਨਾ ਸਮਝ ਹੈ, ਉਸਨੂੰ ਡੂੰਘਾ ਗਿਆਨ ਨਹੀਂ ਹੈ।

ਇਹ ਸਰੀਰ ਇਕ ਵਿਧੀ ਨੂੰ ਪੂਰਿਆਂ ਕਰਕੇ ਬਣਿਆ ਹੈ। ਮਿਸਾਲ ਵਾਸਤੇ ਕਹਿ ਸਕਦੇ ਹਾਂ ਕਿ ਲੋਹਾ ਪਲਾਸਟਿਕ, ਅੱਗ, ਪਾਣੀ ਪਟਰੋਲ, ਹਵਾ ਆਦਿ ਇਕ ਵਿਧਾਨ ਵਿਚ ਬੰਨਕੇ ਵਿਗਿਆਨੀਆਂ ਨੇ ਸੰਸਾਰ ਸਾਹਮਣੇ ਲੈ ਆਂਦੀਆਂ। ਇਸ ਮਿੱਟੀ ਦੀ ਢੇਰੀ ਜਿਹੀ ਨੂੰ ਕਾਰ ਕਹਿ ਲਉ, ਟਰੱਕ ਜਾਂ ਬੱਸ ਮੰਨ ਲਉ। ਹਵਾਈ ਜਹਾਜ ਕਹਿ ਲਉ। ਇਹ ਕੁੱਝ ਤੱਤ ਆਪਸੀ ਤਾਲਮੇਲ ਵਿਚ ਰਹਿਕੇ, ਸਾਲਾਂ ਬੱਧੀ ਕੰਮ ਕਰਦੇ ਹਨ। ਇਕੋ ਫਰਕ ਹੈ ਕਿ ਇਹਨਾਂ ਮਸ਼ੀਨਾਂ ਵਿਚ ''ਮਨ ਜਾਂ ਜਿੰਦਜਾਨ'' ਨਹੀਂ ਹੁੰਦੀ। ਜਿੰਦਜਾਨ ਇਸ ਨੂੰ ਚਲਾਉਣ ਵਾਲੇ ਦੇ ਕੋਲ ਹੈ। ਉਹ ਜਿਵੇਂ ਚਾਹੇ ਵਰਤ

ਸਕਦਾ ਹੈ।

ਕਲਾਸ ਵਿਚ ਪੜਾ ਰਹੇ ਮਾਸਟਰ ਨੇ ਬੱਚਿਆਂ ਨੂੰ ਪੁੱਛਿਆ ਕਿ ਦੱਸੋ ਪਈ ਆਂਡੇ ਵਿਚੋਂ ਚੂਚਾ ਬਾਹਰ ਕਿਵੇਂ ਨਿਕਲਦਾ ਹੈ? ਬੱਚੇ ਮਗਜ ਖਪਾਈ ਕਰਦੇ ਰਹੇ। ਕੋਈ ਆਖੇ ਜੀ ਆਪਣੀ ਚੁੰਜ ਨਾਲ ਅੰਡੇ ਦੇ ਖੋਲ ਨੂੰ ਤੋੜ ਦਿੰਦਾ ਹੈ। ਦੂਜਾ ਆਖੇ ਖੋਲ ਆਪੇ ਹੀ ਕਮਜੋਰ ਹੋ ਜਾਂਦਾ ਹੈ। ਤੀਜਾ ਆਖੇ ਕੁੱਕੜੀ ਅੰਡੇ ਦਾ ਖੋਲ ਤੋੜਕੇ ਚੂਚੇ ਨੂੰ ਕੱਢਦੀ ਹੈ। ਇਕ ਬੱਚਾ ਹਾਲੀ ਚੁੱਪ ਬੈਠਾ ਹੋਇਆ ਸੀ। ਮਾਸਟਰ ਜੀ ਨੇ ਉਸ ਨੂੰ ਪੁੱਛਿਆ – ''ਕਾਕਾ ! ਤੂੰ ਕੁੱਝ ਨਹੀਂ ਬੋਲਿਆ, ਤੇਰਾ ਕੀ ਵਿਚਾਰ ਹੈ''? ਵਿਦਿਅਰਥੀ ਨੇ ਜੁਆਬ ਦੇਣ ਦੀ ਥਾਂਵੇਂ ਨਵਾਂ ਸਵਾਲ ਕਰ ਦਿੱਤਾ। 'ਮਾਸਟਰ ਜੀ ! ਕਿਰਪਾ ਕਰਕੇ ਪਹਿਲਾਂ ਇਹ ਦੱਸਿਆ ਜਾਵੇ ਕਿ ਚੂਚਾ ਅੰਡੇ ਵਿਚ ਵੜਦਾ ਕਿਵੇਂ ਹੈ? ਬਾਹਰ ਨਿਕਲਣ ਦੀ ਖੋਜ ਤਾਂ ਮਗਰੋਂ ਕਰਾਂਗੇ। ਪਹਿਲਾਂ ਅੰਦਰ ਜਾਣ ਦੀ ਖੋਜ ਕਰ ਲਈਏ।'' ਇਸ ਗੱਲ ਦਾ ਮਾਸਟਰ ਜੀ ਕੋਲ ਕੋਈ ਉਤਰ ਨਹੀਂ ਸੀ। ਇਸੇ ਤਰ੍ਹਾਂ ਅਸੀਂ ਦੀਵਾ ਮੋਮਬੱਤੀ ਜਗਾਉਂਦੇ ਹਾਂ। ਜਗਦੀ ਬੱਤੀ ਨੂੰ ਜਦੋਂ ਬੁਝਾ ਦੇਈਏ ਤਾਂ ਅੱਗ ਕਿਥੇ ਚਲੀ ਜਾਂਦੀ ਹੈ? ਫਿਰ ਉਹੀ ਸਵਾਲ ਖੜਾ ਹੁੰਦਾ ਹੈ ਕਿ ਅੱਗ ਆਉਂਦੀ ਕਿਥੋਂ ਹੈ? ਟਿਊਬ ਬੱਲਬ ਅਸੀਂ ਹਰ ਰੋਜ ਘਰਾਂ ਵਿਚ ਜਗਾਉਂਦੇ ਹਾਂ। ਰੋਸ਼ਨੀ ਕਿਥੋਂ ਆਉਂਦੀ ਹੈ? ਬੰਦ ਕਰਨ ਤੇ ਕਿਥੇ ਚਲੀ ਜਾਂਦੀ ਹੈ? ਅਸਲ ਵਿਚ ਕਿਸੇ ਵਸਤੂ ਦੇ ਪ੍ਰਗਟ ਹੋਣ ਲਈ ਸਾਜਗਾਰ ਵਾਤਾਵਰਣ ਪੈਦਾ ਕਰ ਦੇਈਏ। ਉਸ ਹਾਲਾਤ ਵਿਚੋਂ ਵਸਤੂ ਆਪਣੇ ਆਪ ਪੈਦਾ ਹੋ ਜਾਵੇਗੀ। ਉਸ ਹਾਲਾਤ ਨੂੰ ਬਿਖੇਰ ਦੇਈਏ ਤਾਂ ਉਹ ਵਸਤੂ ਅਲੋਪ ਹੋ ਜਾਵੇ ਗੀ। ਇਸੇ ਤਰ੍ਹਾਂ ਇਨਸਾਨ ਦੇ ਪੈਦਾਹੋਣ ਜਾਂ ਮਰ ਜਾਣ ਦੀ ਕਿਰਿਆ ਹੈ। ਕਰਤਾਪੁਰਖ ਜੀ ਨੇ ਇਕ ਪ੍ਰਬੰਧ ਉਸਾਰ ਦਿੱਤਾਹੈ। ਉਸ ਦੇ ਅਧੀਨ ਆਪਣੇ ਆਪ ਸਾਰੀਆਂ ਕਿਰਿਆਵਾਂ ਹੋ ਰਹੀਆਂ ਹਨ।

ਹੇ ਭਾਈ ! ਇਹ ਤਾਂ ਕਰਤਾਰ ਦੀ ਇਕ ਖੇਢ ਹੈ, ਉਸਨੇ ਅਜਿਹੀ ਰਚਨਾ ਕੀਤੀ ਹੈ, ਕਿ ਜੀਵ ''ਜਨਮਦੇ ਹਨ ਮਰਦੇ ਹਨ।'' ਪਰਗਟ ਹੁੰਦੇ ਹਨ ਅਲੋਪ ਹੋ ਜਾਂਦੇ ਹਨ। ਉਸ ਦਾ ਅਟੱਲ ਨਿਅਮ ਲਗਾਤਾਰ ਚੱਲ ਰਿਹਾ ਹੈ। ਇਥੇ ਕੋਈ ਨਹੀਂ ਮਰਦਾ। ਕਿਉਂਕਿ ਮਰਨ ਵਾਲੀ ਕੋਈ ਗਲ ਹੀ ਨਹੀਂ ਹੈ। ਇਹ ਸਾਰੇ ਤੱਤ (ਪੰਜ ਤੱਤ) ਨਾਸ਼ ਰਹਿਤ ਹਨ। ਜਿਵੇਂ ਲਕੜੀ ਨੂੰ ਜਲਾ ਦੇਈਏ ਤਾਂ ਉਸਦਾ ਕੁੱਝ ਹਿੱਸਾ



ਹਵਾ ਵਿਚ ਮਿਲ ਜਾਂਦਾ ਹੈ। ਕੁਝ ਪਾਣੀ ਵਿਚ ਕੁੱਝ ਮਿੱਟੀ ਵਿਚ ਇਸੇ ਤਰ੍ਹਾਂ ਸਰੀਰ ਦੇ ਤੱਤ ਹਨ। ਤੱਤ ਮਰਦੇ ਜੰਮਦੇ ਨਹੀਂ, ਕੇਵਲ ਰੂਪ ਬਦਲਦੇ ਹਨ। ਹੇ ਨਾਨਕ, ਆਖ ! ਗੁਰੂ ਨੇ ਉਤਮ ਮੱਤ ਦੇ ਕੇ ਸਾਰੀ ਖੇਢ ਸਮਝਾ ਦਿੱਤੀ। ਭਰਮਾਂ ਦੇ ਸਾਰੇ ਪੜਦੇ ਕੱਟ ਦਿੱਤੇ। ਕੁਦਰਤ ਦੀ ਸਾਰੀ ਅਸਲੀਅਤ ਸਮਝ ਆ ਗਈ ਹੈ। ਇਥੇ ਨਾ ਕੋਈ ਮਰਦਾ ਹੈ। ਨਾ ਕਿਤੋਂ ਕੋਈ ਆਉਂਦਾ ਹੈ। ਨਾ ਕਿਤੇ ਮਰ ਕੇ ਜਾਂਦਾ ਹੈ। ਕੇਵਲ ਤੱਤਾਂ ਵੱਲੋਂ ਮਿਲਕੇ ਕੰਮ ਕਰਨ ਦੀ ਤਰਤੀਬ ਬਿਖਰ ਜਾਂਦੀ ਹੈ। ਹੋਰ ਵੇਖੋ –

**ਪਉਣੈ ਪਾਣੀ ਅਗਨੀ ਕਾ ਮੇਲੁ।। ਚੰਚਲ ਚਪਲ ਬੁਧਿ ਕਾ ਖੇਲੁ।।**
**ਨਉ ਦਰਵਾਜੇ ਦਸਵਾ ਦੁਆਰੁ।। ਬੁਝੁ ਰੇ ਗਿਆਨੀ ਏਹੁ ਬੀਚਾਰੁ।।..**
**ਦੇਹੀ ਮਾਟੀ ਬੋਲੈ ਪਉਣੁ।। ਬੁਝੁ ਰੇ ਗਿਆਨੀ ਮੂਆ ਹੈ ਕਉਣੁ।। (152)**

ਹੇ ਭਾਈ ! ਇਹ ਸਰੀਰ ਕੀ ਹੈ ਕਿਵੇਂ ਬਣਿਆ ਹੈ ਕਿਵੇਂ ਕੰਮ ਕਰਦਾ ਹੈ? ਸੋਚ ਸਮਝ ਕੇ ਹੈਰਾਨ ਰਹਿ ਜਾਈਦਾ ਹੈ। ਹਵਾ ਪਾਣੀ ਅਗਨੀ ਆਦਿ ਪੰਜ ਤੱਤ ਮਿਲਕੇ ਜਦੋਂ ਕੰਮ ਕਰਦੇ ਹਨ ਤਾਂ ਇਸ ਅੰਦਰ ਚੰਚਲ ਬੁਧੀ ਭੀ ਮੌਜੂਦ ਹੁੰਦੀ ਹੈ। ਜੋ ਇਸ ਮਿੱਟੀ ਪਾਣੀ ਦੇ ਸਰੀਰ ਨੂੰ ਐਧਰ ਉਧਰ ਕੰਮ ਲਾਈ ਰਖਦੀ ਹੈ। ਨਉ ਦਰਵਾਜੇ ਸਰੀਰ ਦੇ ਬਾਹਰਲੀ ਦੁਨੀਆਂ ਨਾਲ ਸਬੰਧ ਬਣਾਉਣ ਲਈ ਹਨ। ਇਕ ਗਿਆਨ ਰੂਪ ਬੰਦ ਦਰਵਾਜਾ ਅੰਦਰ ਹੈ। ਉਸ ਅੰਦਰਲੇ ਗਿਆਨ ਰਾਹੀਂ, ਰੱਬ ਬਾਰੇ , ਸ੍ਰਿਸਟੀ ਬਾਰੇ ਸਰੀਰ ਬਾਰੇ ਅਸਲੀਅਤ ਪਤਾ ਲਗਦੀ ਹੈ। ਹੇ ਗਿਆਨਵਾਨ ਇਨਸਾਨ ਇਸ ਡੂੰਘੀ ਰਮਜ ਨੂੰ ਸਮਝ ਲੈ। ਚੱਲਣ ਫਿਰਨ ਵਾਲੀ, ਬੋਲਣ ਸੁਣਨ ਵਾਲੀ, ਦੇਹੀ ਕੀ ਹੈ? ਕੇਵਲ ਮਿੱਟੀ ਆਦਿ ਤੱਤਾਂ ਦੀ ਪੁਤਲੀ। ਜਦੋਂ ਬੋਲਦੀ ਹੈ ਕਾਰਜ ਕਰਦੀ ਹੈ ਤਾਂ ਇਸ ਨੂੰ ਜੀਵ ਕਹਿ ਦਿੱਤਾ ਜਾਂਦਾ ਹੈ। ਤਾਂ ਇਹ ਵਿਚਾਰ ਕਰੋ ਕਿ ਅਸਲ ਵਿਚ ਮਰਿਆ ਕਉਣ ਹੈ? ਨਾ ਕੋਈ ਮਰਦਾ ਹੈ ਨਾ ਜਨਮਦਾ ਹੈ। ਕੁਦਰਤ ਦੇ ਨਿਅਮ ਵਿਚ ਤੱਤਾਂ ਦਾ ਖੇਲ ਚਲ ਰਿਹਾ ਹੈ। ਜੋ ਨਿਰੰਤਰ ਜਾਰੀ ਹੈ।

**ਆਵਨ ਜਾਨੁ ਇਕੁ ਖੇਲੁ ਬਨਾਇਆ।।**
**ਆਗਿਆ ਕਾਰੀ ਕੀਨੀ ਮਾਇਆ।।**
**ਆਗਿਆ ਆਵੈ ਆਗਿਆ ਜਾਇ।।**
**ਨਾਨਕ ਜਾ ਭਾਵੈ ਤਾਂ ਲਏ ਸਮਾਇ।। (294)**

ਹੋਰ ਵੇਖੋ

**ਜਾਉ ਤੁਮੁ ਮੋਕਉ ਦੂਰਿ ਕਰਤ, ਹਉ ਤਉ ਤੁਮ ਮੁਕਤਿ ਬਤਾਵਹੁ।।**

**ਏਕ ਅਨੇਕ ਹੋਇ ਰਹਿਓ ਸਗਲ ਮਹਿ, ਅਬ ਕੈਸੇ ਭਰਮਾਵਹੁ।।**

**ਰਾਮ, ਮੋਕਉ ਤਾਰਿ ਕਹਾਂ ਲੈ ਜਾਈ ਹੈ।।**

**ਸੋਧਉ ਮੁਕਤਿ ਕਹਾ ਦੇਉ ਕੈਸੀ, ਕਰਿ ਪ੍ਰਸਾਦੁ ਮੋਹਿ ਪਾਈ ਹੈ।। ਰਹਾਉ।।**

**ਤਾਰਨ ਤਰਨ ਤਬੈ ਲਗ ਕਹੀਐ, ਜਬ ਲਗੁ ਤਤੁ ਨਾ ਜਾਨਿਆ।।**

**ਅਬ ਤਉ ਬਿਮਲ ਭਏ ਘਟ ਹੀ ਮਹਿ, ਕਹਿ ਕਬੀਰ ਮਨੁ ਮਾਨਿਆ।। (1104)**

ਹੇ ਪਰਮ ਕਿਰਪਾਲੂ ਪਰਮੇਸਰ ਜੀ ! ਜੇ ਤੁਸੀਂ ਮੈਨੂੰ ਤਾਰ ਦਿਉ, ਮੁਕਤਿ ਕਰ ਦਿਓ ਤਾਂ ਕੀ ਮੈਨੂੰ ਆਪਣੇ ਤੋਂ ਵੱਖ ਕਰ ਦਿਓਗੇ? ਮੈਂ ਤੁਹਾਡੀ ਕਿਰਪਾ ਸਦਕਾ ਤੁਹਾਡੀ ਨੇੜਤਾ ਹਾਸਲ ਕਰ ਲਈ ਹੈ। ਇਹੀ ਮੇਰੀ ਅਸਲੀ ਮੁਕਤੀ ਹੈ। ਤੁਹਾਡੇ ਤੋਂ ਸਿਵਾਏ ਹੋਰ ਕਿਤੇ ਮੁਕਤੀ ਹੈ ਹੀ ਨਹੀਂ। ਕੋਈ ਮੈਨੂੰ ਦਸੇ ਤਾਂ ਸਹੀ, ਪ੍ਰਭੂ ਦੀ ਯਾਦ ਤੋਂ ਬਗੈਰ ਮੁਕਤੀ ਕਿਥੇ ਹੈ? ਰਹਾਉ।।

ਹੇ ਰੱਬ ਜੀ ! ਜੇ ਤੁਸੀਂ ਮੈਨੂੰ ਆਪਣੇ ਤੋਂ ਵੱਖ ਕਰ ਦਿਓ ਫਿਰ ਕਾਹਦੀ ਮੁਕਤੀ ਹੈ? ਉਹ ਸੁਆਮੀ ਜੋਤ ਰੂਪ ਹੋਕੇ ਜਦੋਂ ਸਾਰਿਆਂ ਵਿਚ ਰਮਿਆ ਹੋਇਆ ਹੈ, ਮੈਂ ਉਸੇ ਦਾ ਇਕ ਹਿੱਸਾ ਜਾਂ ਅੰਗ ਹਾਂ। ਮੈਂ ਮੁਕਤੀ ਵਾਲੇ ਭਰਮ ਚੱਕਰ ਵਿਚ ਕਿਉਂ ਪਵਾਂ? ''ਰੱਬ ਤਾਰਨ ਹਾਰ ਹੈ, ਤੇ ਜੀਵ ਤਰਨ ਵਾਲਾ, ਇਹ ਭਰਮ ਉਦੋਂ ਤੱਕ ਬਣਿਆ ਰਹਿੰਦਾ ਹੈ, ਜਦੋਂ ਤਕ ਸਹੀ ਸੋਝੀ ਨਹੀਂ ਆਈ। ਹੁਣ ਤਾਂ ਹਿਰਦੇ ਵਿਚ ਹੀ ਬੈਠਾ ਬ੍ਰਹਮ ਪ੍ਰਤੱਖ ਮਹਿਸੂਸ ਹੋ ਗਿਆ ਹੈ। ਕਬੀਰ ਦਾ ਮਨ ਪੂਰੀ ਤਰ੍ਹਾਂ ਇਸ ਵਿਸ਼ਵਾਸ਼ ਦਾ ਧਾਰਨੀ ਬਣ ਗਿਆ ਹੈ। ਹੁਣ ਹੋਰ ਕਿਸੇ ਮੁਕਤੀ ਦੀ ਚਾਹਨਾ ਹੀ ਖਤਮ ਹੋ ਗਈ ਹੈ।

ਗੁਰਬਾਣੀ ਤਾਂ ਪੁਕਾਰ ਪੁਕਾਰ ਕੇ ਆਖ ਰਹੀ ਹੈ ਕਿ ਇਸ ਮਨੁਖ ਜੀਵਨ ਵਿਚ ਹੀ ਸਾਰੇ ਪਸ਼ੂ ਪੰਛੀਆਂ, ਕੀੜੇ ਕਾਢਿਆਂ ਦੇ ਸੁਭਾ ਅੰਦਰ ਮੌਜੂਦ ਹਨ। ਉਹਨਾਂ ਨੂੰ ਦੂਰ ਕਰਨਾ ਹੈ, ਜੋ ਅੰਦਰ ਬੈਠੇ ਜਾਨਵਰ ਹਨ। ਪੜੋ ਫੁਰਮਾਨ-

* **ਜੋ ਨ ਸੁਨਹਿ ਜਸੁ ਪਰਮਾ ਨੰਦਾ।।**

**ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ (118)**



* **ਕਲਿ ਕਲੇਸ ਗੁਰ ਸਬਦਿ ਨਿਵਾਰੇ।।**

**ਆਵਣ ਜਾਣ ਰਹੇ, ਸੁਖ ਸਾਰੇ।। (191)**

* **ਸੋਗ ਹਰਖ ਮਹਿ ਆਵਣ ਜਾਣਾ।।**

**ਤਿਨਿ ਸੁਖੁ ਪਾਇਆ ਜੋ ਪ੍ਰਭ ਭਾਣਾ।।(192)**

* **ਇਹ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭ ਜਾਏ।।**

**ਹੁਣ ਵਤੈ ਹਰਿ ਨਾਮੁ ਨ ਬੀਜਿਓ, ਅਗੈ ਭੁਖਾ ਕਿਆ ਖਾਏ।।**

**ਮਨਮੁਖਾ ਨੋ ਫਿਰਿ ਜਨਮੁ ਹੈ, ਨਾਨਕ ਹਰਿ ਭਾਏ।। (450)**

* **ਗੁਰ ਮੰਤ੍ਰ ਹੀਣ ਵਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਿਸਟਣਹ।।**

**ਕੂਕਰਹ ਸੂਕਰਹ ਗਰਧਬਹ ਕਾਕਹ ਸਰਪਨਹ ਤੁਲਿ ਖਲਹ (1357)**

* **ਇਕਨਾ ਮਰਣੁ ਨ ਚਿਤਿ, ਆਸ ਘਣੇਰਿਆ।।**

**ਮਰਿ ਮਰਿ ਜੰਮਹਿ ਨਿਤ, ਕਿਸੈ ਨ ਕੇਰਿਆ।।**

* **ਆਪਨੜੈ ਮਨਿ ਚਿਤਿ, ਕਹਨਿ ਚੰਗੇਰਿਆ।।**

**ਜਮਰਾਜੈ ਨਿਤ ਨਿਤ, ਮਨਮੁਖ ਹੇਰਿਆ।। (143)**

* **ਕਾਮ ਕ੍ਰੋਧ ਲੋਭ ਮੋਹ ਮੂਠੇ, ਸਦਾ ਆਵਾਗਵਣ।।**

**ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ, ਮਿਟਤ ਜੋਨੀ ਭਵਣ।। (502)**

* **ਬਹੁਰਿ ਹਮ ਕਾਹੇ ਆਵਹਿਗੇ।।**

**ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ।।(1103)**

ਗੁਰਬਾਣੀ ਦੁਆਰਾ ਸਿੱਖ ਨੂੰ ਆਮ ਕਰਕੇ ਜੀਵਨ ਦੇ ਹਰ ਪਹਿਲੂ ਦਾ ਗਿਆਨ ਮਿਲ ਰਿਹਾ ਹੈ। ਪੁਰਾਣੇ ਬਣੇ ਕੂੜ ਦੇ ਕਿਲੇ ਜਾਂ ਰੇਤ ਦੇ ਮਹਿਲ ਸ਼ਬਦ ਦੀ ਸ਼ਕਤੀਸ਼ਾਲੀ ਚੋਟ ਨਾਲ ਭਸਮਾਭੂਤ ਕਰ ਦਿੱਤੇ ਹਨ। ਜਿਸ ਨੇ ਗੁਰਬਾਣੀ ਨੂੰ ਸਮਝ ਕੇ ਪੜਿਆ, ਉਸਦੇ ਦਿਮਾਗ ਵਾਲੇ ਬੰਦ ਦਰਵਾਜੇ ਚੌਫੱਟ ਖੁੱਲ੍ਹ ਗਏ। ਜੰਮਣਾ ਮਰਨਾ, ਚਉਰਾਸੀ ਲੱਖ ਜੋਨਾਂ, ਧਰਮ ਰਾਜ ਚਿੱਤਰ ਗੁਪਤ ਆਦਿ ਵਾਲੇ ਸਾਰੇ ਭਰਮ ਕਾਫੂਰ ਹੋ ਗਏ। ਗੁਰੂ ਸਾਹਿਬ ਨੇ ਮਨੁੱਖ ਨੂੰ ਚਉਰਾਸੀ ਦਾ ਕੀੜਾ ਨਹੀਂ ਬਣਾਇਆ, ਬਲਕਿ ਨਿਰੰਕਾਰ ਦਾ ਖਾਸ ਰੂਪ ਪਰਮੇਸ਼ਰ ਦੀ ਉਤਮ ਕਿਰਤ ਆਖਕੇ ਵਡਿਆਇਆ ਹੈ। ਸਾਰੀ ਧਰਤੀ ਦਾ ਬਾਦਸ਼ਾਹ ਐਲਾਨਿਆ ਹੈ। ਤਮਾਮ ਜੀਵਾਂ ਜੰਤਾਂ ਤੋਂ ਸ਼੍ਰੋਮਣੀ ਹੋਣ

ਦਾ ਮਾਣ ਬਖਸ਼ਿਆ ਹੈ। ਬਾਰਬਾਰ ਇਹ ਭੀ ਸਮਝਾਇਆ ਹੈ ਕਿ ਤੂੰ ਖੁਦ ਰੱਬ ਦੀ ਅੰਸ਼ ਹੈ। ਹੇ ਮਨੁੱਖ ਤੂੰ ਹੀ ਰੱਬ ਦਾ ਪੁੱਤਰ ਹੈਂ। ਕਿਸੇ ਖਾਸ ਮਿਸ਼ਨ ਦੇ ਅਧੀਨ ਤੈਨੂੰ ਇਸ ਧਰਤੀ ਤੇ ਭੇਜਿਆ ਗਿਆ ਹੈ। ਇਹ ਧਰਮ ਰਾਜ, ਇਹ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਤੇਰੇ ਅੱਗੇ ਮਾਮੂਲੀ ਖਿਡਾਉਣੇ ਜਿਹੇ ਹਨ। ਤੂੰ ਸਤਿਗੁਰੂ ਤੋਂ ਮੱਤ ਲੈ ਕੇ, ਆਪਣੇ ਜੀਵਨ ਨੂੰ ਸਕਾਰਥਾ ਕਰ ਲੈ। ਪੜ੍ਹੋ-

**ਕਾਇਆ ਅੰਦਰਿ ਬ੍ਰਹਮਾ ਬਿਸਨ ਮਹੇਸਾ, ਸਭ ਓਪਤਿ ਜਿਤੁ ਸੰਸਾਰਾ।।**
**ਸਚੈ ਅਪਣਾ ਖੇਲੁ ਰਚਾਇਆ, ਆਵਾਗਉਣ ਪਸਾਰਾ।।**
**ਕਾਇਆ ਅੰਦਰਿ ਸਭੁ ਕਿਛੁ ਵਸੈ, ਖੰਡ ਮੰਡਲ ਪਾਤਾਲਾ।।**
**ਕਾਇਆ ਅੰਦਰਿ ਜਗਜੀਵਨ ਦਾਤਾ ਵਸੈ, ਸਭਨਾ ਕਰੇ ਪ੍ਰਿਤਪਾਲਾ।।**
**ਸਾ ਕਾਇਆ ਜੋ ਸਤਿਗੁਰ ਸੇਵੇ ਸਚੈ ਆਪਿ ਸਵਾਰੀ।।**
**ਵਿਣੁ ਨਾਵੈ ਦਰਿ ਢੋਈ ਨਾਹੀ, ਤਾ ਜਮੁ ਕਰੇ ਖੁਆਰੀ।। (754)**

ਹੇ ਭਾਈ ! ਇਸ ਦੇਹੀ ਅੰਦਰ ਹੀ, ਬ੍ਰਹਮਾ ਵਿਸ਼ਨੂੰ ਸ਼ਿਵ ਵਾਲੀ ਦੱਸੀ ਜਾਂਦੀ ਸਾਰੀ ਕਿਰਿਆ ਨਿਰੰਕਾਰ ਦੇ ਨਿਅਮ ਵਿਚ ਹੋ ਰਹੀ ਹੈ। ਬ੍ਰਹਮਾ ਵਾਲੀ ਉਤਪਤੀ (ਸਰੀਰ ਦੇ ਸੈਲ ਬਣਨੇ ਵਧਣੇ) ਲਗਾਤਾਰ ਹੋ ਰਹੀਹੈ। ਸਰੀਰ ਦੀ ਪਾਚਨ ਕਿਰਿਆ ਖੂਨ ਭੇਜਣ ਦਾ ਪ੍ਰਬੰਧ, ਹਵਾ ਪਾਣੀ ਤੇ ਗਰਮਾਹਟ ਪਹੁੰਚਾਣ ਦੀ ਵਿਧੀ, ਲਗਾਤਾਰ ਚੱਲ ਰਹੀ ਹੈ। ਮਾਨੋਂ ਵਿਸ਼ਨੂੰ ਸਰੀਰ ਦੇ ਅੰਦਰ ਬੈਠਾ ਸਾਰੇ ਸਰੀਰ ਦੀ ਸੰਭਾਲ ਕਰ ਰਿਹਾ ਹੈ। ਸ਼ਿਵ ਦਾ ਕੰਮ ਹੈ ਵਿਨਾਸ ਕਰਨਾ। ਸਰੀਰ ਦੇ ਅੰਦਰ ਹੀ ਭੰਨ ਤੋੜ ਹੋ ਰਹੀ ਹੈ। ਸੈਲ ਮਰ ਰਹੇ ਹਨ, ਬਿਮਾਰੀਆਂ ਪੈਦਾ ਹੋ ਰਹੀਆਂ ਹਨ। ਬੁਢਾਪਾ ਜੋਰ ਪਾ ਰਿਹਾ ਹੈ। ਇਸ ਸਰੀਰ ਨੇ ਕਮਜੋਰ ਹੋਕੇ ਅੰਤ ਨੂੰ ਖਤਮ ਹੋ ਜਾਣਾ ਹੈ। ਇਹੀ ਕੰਮ ਦਸੇ ਗਏ ਸ਼ਿਵ ਵਾਲਾ, ਸਰੀਰ ਦੇ ਅੰਦਰ ਨਿਰੰਕਾਰ ਦੀ ਬਣਾਈ ਵਿਧੀ ਮੁਤਾਬਕ ਹੋ ਰਿਹਾ ਹੈ। ਹੋਰ ਕਿਹੜੇ ਸ਼ਿਵ ਦੀ ਗਲ ਕਰਦੇ ਹੋ? ਸਾਰੇ ਸੰਸਾਰ ਦੀ ਉਤਪਤੀ, ਪਾਲਣਾ ਅਤੇ ਪਰਲੈ (ਖਾਤਮਾ) ਇਸੇ ਵਿਧੀ ਨਾਲ ਹੋ ਰਿਹਾ ਹੈ। ਇਹੀ ਹੈ ਅਸਲ ਵਿਚ ਅੰਦਰੇ ਅੰਦਰ ਚਲ ਰਿਹਾ ਮਰਨਾ ਜੰਮਣਾ ਆਦਿ ਦਾ **''ਆਵਾਗਉਣ''** ਜੋ ਕੁਝ ਬ੍ਰਹਿਮੰਡ ਵਿਚ ਹੈ, ਉਹੀ ਤੱਤ ਖੰਡ ਵਿਚ ਹਨ। ਭਾਵ ਸਰੀਰ ਵਿਚ ਭੀ ਉਹੀ ਤੱਤ ਹਨ। ਪਾਣੀ ਦੇ ਇਕ ਤੁਪਕੇ ਅਤੇ ਸਮੁੰਦਰ ਵਿਚ ਜਿਵੇ



ਂ ਸਾਂਝ ਹੈ। ਆਪਣੇ ਬਣਾਏ ਨਿਅਮ ਮੁਤਾਬਕ, ਕਰਤਾਪੁਰਖ ਸਰੀਰ ਦੇ ਅੰਦਰ ਖੁਦ ਮੌਜੂਦ ਹੈ। ਖਾਣੇ ਨੂੰ ਹਜਮ ਕਰਨਾ, ਸਾਰੇ ਸਰੀਰ ਦੀਆਂ ਲੋੜਾਂ ਮੁਤਾਬਕ ਉਸਨੂੰ ਬਦਲ ਦੇਣਾ, ਇਕ ਹੈਰਾਨ ਕਰਨ ਵਾਲੀ ਖੇਢ ਹੈ। ਅੰਦਰੇ ਅੰਦਰ ਭੰਨ ਤੋੜ ਜੋ ਹੁੰਦੀ ਹੈ, ਸਰੀਰ ਤੇ ਜਖਮ ਹੁੰਦੇ ਹਨ। ਉਨ੍ਹਾਂ ਸਭਨਾਂ ਦੀ ਮੁਰੰਮਤ ਬਿਨਾਂ ਆਖੇ ਆਪਣੇ ਆਪ ਹੋ ਰਹੀ ਹੈ। ਅਸਲ ਕਾਇਆ ਉਹ ਹੈ ਜਿਸਨੂੰ ਗੁਰੂ ਨੇ ਮੱਤ ਦੇ ਕੇ, ਅਕਾਲ ਪੁਰਖ ਬਾਰੇ ਗਿਆਨ ਦੇ ਦਿੱਤਾ। ਉਹ ਸਰੀਰ ਫਿਰ ਵਿਕਾਰਾਂ ਤੋਂ ਪਾਕ ਹੋ ਜਾਂਦਾ ਹੈ। ਔਗੁਣਾਂ ਨੂੰ ਤਿਆਗ ਦੇਂਦਾ ਹੈ। ਪ੍ਰਮੇਸ਼ਰ ਦੀ ਯਾਦ ਤੋਂ ਬਿਨਾਂ ਕਿਤੇ ਢੋਈ ਨਹੀਂ ਮਿਲੇਗੀ। ਪ੍ਰਭੂ ਨੂੰ ਹਿਰਦੇ ਵਿਚ ਬਸਾਏ ਤੋਂ ਬਿਨਾਂ, ਵਿਕਾਰ ਰੂਪੀ ਜਮ ਆ ਡੇਰਾ ਲਾਉਂਦੇ ਹਨ। ਬਹੁਤ ਖੁਆਰ ਕਰਦੇ ਹਨ।

ਗੁਰਬਾਣੀ ਤਾਂ ਸਪਸ਼ਟ ਸਮਝਾ ਰਹੀ ਹੈ-

* **ਜਿਨ੍ਹਾਂ ਨ ਵਿਸਰੈ ਨਾਮੁ, ਸੇ ਕਿਨੇਹਿਆ।।**
**ਭੇਦ ਨ ਜਾਣਹੁ ਮੂਲਿ, ਸਾਂਈ ਜੇਹਿਆ।। (397)**

* **ਸੇਈ ਸੁੰਦਰ ਸੋਹਣੇ।। ਸਾਧ ਸੰਗਿ ਜਿਨਿ ਬੈਹਣੇ। (132)**
**ਅਬ ਤਉ ਜਾਇ ਚਢੇ ਸਿੰਘਾਸਨਿ, ਮਿਲੈ ਹੈ ਸਾਰਿੰਗਪਾਨੀ।।**
**ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ।। (969)**

ਗੁਰਬਾਣੀ ਵਿਚੋਂ ਇਕ ਹੋਰ ਸ਼ਬਦ ਦੀ ਦੁਰਵਰਤੋਂ ਕੀਤੀ ਜਾਂਦੀ ਭੀ ਆਮ ਸੁਣੀ ਵੇਖੀ ਜਾਂਦੀ ਹੈ। ਇਸ ਦੀ ਰਹਾਉ ਵਾਲੀ ਪੰਕਤੀ ਨੂੰ ਛੱਡਕੇ, ਬਾਕੀਆਂ ਨੂੰ ਪ੍ਰਮੁਖਤਾ ਦੇ ਦਿੱਤੀ ਜਾਂਦੀ ਹੈ ਜੋ ਕਿ ਨਿੰਦਨੀ ਕੰਮ ਹੈ। ਰਹਾਉ ਵਾਲੇ ਬੰਦ ਨੂੰ ਸਨਮੁਖ ਰੱਖਕੇ ਬਾਕੀ ਸਾਰੇ ਸ਼ਬਦ ਦੀ ਵਿਚਾਰ ਹੋਣੀ ਚਾਹੀਦੀ ਹੈ। ਰਹਾਉ ਦਾ ਬੰਦ ਪੜ੍ਹੋ-

**ਹਰਿ ਬਿਨ ਬੈਲ ਬਿਰਾਨੇ ਹੁਈ ਹੈ।।**
**ਫਾਟੇ ਨਾਕਨ ਟੂਟੇ ਕਾਧਨ ਕੋ ਦਉ ਕੋ ਭੁਸੁ ਖਈ ਹੈ।। (524)**

ਹੇ ਭਾਈ ! ਨੇਕ ਜੀਵਨ ਤੋਂ ਬਿਨਾ ਤੂੰ ਕੇਵਲ ਇਕ ਬਲਦ ਦੀ ਨਿਆਈ ਹੈਂ ਨਿਰਾ ਜਾਨਵਰ ਵਾਲਾ ਜੀਵਨ। ਜਿਵੇਂ ਪਸ਼ੂ ਨੂੰ ਕੋਈ ਸਮਝ ਨਹੀਂ, ਉਸੇ ਤਰ੍ਹਾਂ ਤੂੰ ਨਾਸਮਝੀ ਵਿਚ ਜੀਵਨ ਬਿਆਰਥ ਗੰਵਾ ਰਿਹਾ ਹੈ। ਜਿਵੇਂ ਮਾਲਕ ਦੀ ਗੁਲਾਮੀ ਕਾਰਣ ਬਲਦ ਦਾ ਨੱਕ ਫਟਿਆ ਹੋਇਆ। ਕੰਧੇ ਉਤੇ ਭਾਰ ਲੱਦਣ ਕਾਰਣ ਖੂਨ

ਵਗਦਾ ਰਹਿੰਦਾ ਹੈ। ਖਾਣ ਲਈ ਕੇਵਲ ਤੂੜੀ ਆਦਿ ਨਿਕੰਮਾ ਖਾਣਾ। ਸੋਚ ! ਜੇ ਤੂੰ ਮਨੁਖਾ ਜੀਵਨ ਦਾ ਲਾਹਾ ਨਾ ਲਿਆ ਫਿਰ ਇਸ ਬਲਦ ਅਤੇ ਤੇਰੇ ਵਿਚ ਕੀ ਫਰਕ ਹੈ?

**ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ, ਅਨਿਕ ਜੋਨਿ ਭ੍ਰਮਈ ਹੈ।।**
**ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈ ਹੈ।। (524)**

ਹੇ ਭਾਈ ! ਕਦੀ ਦੁਖਾਂ ਵਿਚ ਕਦੀ ਸੁਖਾਂ ਵਿਚ, ਅਨੇਕ ਭਰਮ ਰੂਪ ਕੰਮਾਂ ਵਿਚ ਤੂੰ ਜੀਵਨ ਬਰਬਾਦ ਕਰ ਲਿਆ ਹੈ। ਅਨੇਕ ਪਸ਼ੂ ਜੋਨਾਂ ਵਰਗਾ ਤੇਰਾ ਹਾਲ ਹੈ। ਹੀਰੇ ਵਰਗਾ ਅਮੋਲਕ ਮਨੁਖੀ ਜੀਵਨ, ਤੂੰ ਨਾਸਮਝੀ ਕਾਰਨ ਐਵੇ ਗਵਾਲਿਆ। ਨਿਰੰਕਾਰ ਨੂੰ ਵਿਸਾਰ ਦਿੱਤਾ। ਗੁਰੂ ਦੀ ਮਤ ਲੈ ਕੇ ਜਿੰਦਗੀ ਸੰਵਾਰਨ ਦਾ ਇਹੀ ਅਵਸਰ ਸੀ। ਫਿਰ ਅਜਿਹਾ ਮੌਕਾ ਕਦੀ ਮਿਲੇ ਕਿ ਨਾ ਮਿਲੇ ਕੀ ਪਤਾ। ਗੁਰੂ ਨਾਨਕ ਸਾਹਿਬ ਆਤਮਕ ਮੌਤ ਮਰਨ ਵਾਲੇ ਪ੍ਰਾਣੀ ਦਾ ਚਿੱਤਰ ਇਉ ਸਾਡੇ ਸਨਮੁਖ ਰੱਖ ਰਹੇ ਹਨ–

**ਇਕਨਾ ਮਰਣੁ ਨਾ ਚਿਤਿ ਆਸ ਘਣੇਰਿਆ।।**
**"ਮਰਿ ਮਰਿ ਜੰਮਹਿ ਨਿਤ", ਕਿਸੇ ਨ ਕੇਰਿਆ।।**
**ਆਪਨੜੈ ਮਨਿ ਚਿਤਿ ਕਹਿਨ ਚੰਗੇਰਿਆ।।**
**ਜਮ ਰਾਜੈ ਨਿਤ ਨਿਤ ਮਨਮੁਖ ਹੇਰਿਆ।। (143)**

ਹੇ ਭਾਈ ! ਬਹੁਤ ਸਾਰੇ ਲੋਕ ਮੌਤ ਨੂੰ ਭੁਲ ਹੀ ਜਾਂਦੇ ਹਨ। ਇਸ ਲਈ ਬਹੁਤੀਆਂ ਆਸਾਂ ਲਾਈ ਰਖਦੇ ਹਨ। ਬਹੁਤ ਸਾਰਾ ਧਨ, ਗੈਰਵਾਜਬ ਤਰੀਕੇ ਹਥਿਆਉਂਦੇ ਹਲ। ਲੰਮੀ ਉਮਰ ਦੀ ਚਾਹਨਾ ਕਰਦੇ ਹਨ। ਅਜਿਹੇ ਮਨੁਖ ਸਰੀਰ ਕਰਕੇ ਭਾਵੇਂ ਜਿਉਂਦੇ ਹਨ। ਪਰ ਆਤਮਕ ਮੌਤੇ ਦਿਨ ਵਿਚ ਕਈ ਕਈ ਵਾਰ ਮਰਦੇ ਹਨ। ਗਲਤ ਸਮਝੋਤੇ ਕਰਦੇ ਹਨ, ਜਮੀਰ ਵੇਚਦੇ ਹਨ। ਅਜਿਹੇ ਲੋਕ ਅੰਦਰੋਂ ਸ਼ਰਮਸ਼ਾਰ ਹੁੰਦੇ ਹਨ। ਬਾਹਰੋਂ ਚੰਗੇ ਹੋਣ ਦਾ ਛਲ ਕਰਦੇ ਹਨ। ਅਜਿਹੇ ਆਤਮਕ ਮੌਤੇ ਮਰੇ ਬੰਦੇ ਤਾਂ ਮਾਨੋ ਜਮਾਂ ਦੇ ਸ਼ਿਕੰਜੇ ਵਿਚ ਸਦਾ ਹੀ ਫਸੇ ਹੋਏ ਹਨ। ਇਹ ਮਨਮੁਖ ਹਨ, ਜੇ ਗੁਰਮਤ ਸਮਝ ਲੈਣ ਤਾਂ ਆਤਮਕ ਮੌਤ ਨਹੀਂ ਮਰਨਗੇ।

ਪਾਵਨ ਗੁਰਬਾਣੀ ਦਾ ਮਕਸਦ ਮਰਨ ਤੋਂ ਮਗਰੋਂ ਕਿਥੇ ਜਾਣਾ ਹੈ, ਉਥੇ



ਕਿਸ ਤਰ੍ਹਾਂ ਦਾ ਵਰਤਾਓ ਹੋਵੇਗਾ। ਨਰਕ ਕਿੰਨੇ ਕਿਸਮ ਦੇ ਹੁੰਦੇ ਹਨ। ਉਥੇ ਕਿੰਨੇ ਤਰ੍ਹਾਂ ਦੇ ਦੁੱਖ ਤਸੀਹੇ ਦਿੱਤੇ ਜਾਂਦੇ ਹਨ। ਜਾਂ ਸਵਰਗ ਦੀਆਂ ਮਨਮੋਹਣੀਆਂ ਪਰੀਆਂ ਦੇ ਰੂਪ ਰੰਗ ਦਾ ਵਿਸਥਾਰ ਨਹੀਂ ਹੈ। ਉਥੋਂ ਦੀਆਂ ਐਸ ਪ੍ਰਸਤੀ ਦੀਆਂ ਕਹਾਣੀਆਂ ਭੀ ਗੁਰਬਾਣੀ ਵਿਚ ਨਹੀਂ ਹਨ। ਧਰਮ ਰਾਜ ਦੇ ਕੰਮ ਕਰਨ ਦੀ ਪਰਖ ਕਰਕੇ, ਕੋਈ ਵਿਸ਼ੇਸ਼ ਰਿਪੋਰਟ ਤਿਆਰ ਨਹੀਂ ਕੀਤੀ ਗਈ। ਸਗੋਂ ਅਖੌਤੀ ਧਰਮ ਰਾਜ ਨੂੰ ਗੱਜ ਵੱਜ ਕੇ ਅਣਗਿਣਤ ਵਾਰੀ, ਗੁਰਬਾਣੀ ਵਿਚ ਰੱਦ ਕੀਤਾ ਗਿਆ ਹੈ। ਪਰ ਖੁਦਗਰਜ ਪੁਜਾਰੀ ਟੋਲਿਆਂ ਨੇ, ਇਹਨਾਂ ਪੱਖਾਂ ਨੂੰ ਅੱਗੇ ਨਹੀਂ ਆਉਣ ਦਿੱਤਾ। ਸਤਿਗੁਰੂ ਜੀ ਨੇ ਇਸੇ ਧਰਤੀ ਤੇ ਰਹਿ ਰਹੇ ਮਨੁਖੀ ਸਮਾਜ ਨੂੰ, ਗੁਣਵਾਨ ਬਣਾਉਣ ਦਾ ਉਪਦੇਸ਼ ਕੀਤਾ ਹੈ।

ਆਓ ਇਕ ਸ਼ਬਦ ਦੇ ਦਰਸ਼ਨ ਕਰੀਏ–

**ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬ ਸਦਾ ਸਮਾਲੀਐ।।**
**ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ।।**
**ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ।।**
**ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ।।**
**ਕਿਛੁ ਲਾਹੇ ਉਪਰਿ ਘਾਲੀਐ।। (474)**

ਹੇ ਭਾਈ ! ਜਿਸ ਨਿਰੰਕਾਰ ਨੂੰ ਯਾਦ ਕੀਤਿਆਂ ਹਰ ਪ੍ਰਕਾਰ ਦੇ ਸੁਖ ਮਿਲਦੇ ਹਨ। ਉਸ ਰੱਬ ਜੀ ਨੂੰ ਹਮੇਸ਼ਾ ਹਿਰਦੇ ਵਿਚ ਬਸਾ ਕੇ ਰੱਖਣਾ ਚਾਹੀਦਾ ਹੈ। ਜਿਸ ਬੁਰੇ ਕੰਮ ਕਾਰਨ ਨੁਕਸਾਨ ਹੀ ਹੋਵੇ, ਘਾਟਾ ਹੀ ਪਵੇ, ਅਜਿਹਾ ਘਾਟੇ ਵਾਲਾ ਸੌਦਾ (ਕੰਮ) ਕਿਉਂ ਕੀਤਾ ਜਾਵੇ ? ਆਪਣੇ ਜੀਵਨ ਸਫਰ ਦੀਆਂ ਮੁਸ਼ਕਲਾਂ ਔਕੜਾਂ ਨੂੰ ਧਿਆਨ ਵਿਚ ਰਖੀਏ। ਆਉਣ ਵਾਲੇ ਸਮੇਂ ਦੀ ਪਲਾਨਿੰਗ ਬਣਾ ਕੇ, ਜਿੰਦਗੀ ਬਤੀਤ ਕਰੀਏ। ਆਪਣੇ ਤਕ ਹੀ ਨਹੀਂ, ਆਉਣ ਵਾਲੀਆਂ ਨਸਲਾਂ ਬਾਰੇ ਭੀ ਮਨੁੱਖ ਨੂੰ ਗਿਆਨ ਹੋਵੇ, ਕਿ ਮੇਰੇ ਕਿਸ ਕੰਮ ਨਾਲ ਉਹਨਾਂ ਨੂੰ ਫਾਇਦਾ ਤੇ ਕਿਸ ਕੰਮ ਨਾਲ ਨੁਕਸਾਨ ਹੋ ਸਕਦਾ ਹੈ। ਜਿੰਦਗੀ ਦੀ "ਬਾਜੀ" ਅਜਿਹੇ ਸਿਆਣਪ ਵਾਲੇ ਢੰਗ ਨਾਲ ਖੇਢੀਏ ਕਿ ਇਥੋਂ ਜਿੱਤਕੇ ਜਾਈਏ। ਵਾਹਿਗੁਰੂ ਜੀ ਅੱਗੇ ਸ਼ਰਮਸ਼ਾਰ ਨਾ ਹੋਣਾ ਪਵੇ। ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਕਾਇਮ ਰਖਦਿਆਂ, ਹਰ ਪਲ ਲਾਹੇ ਵਾਲਾ ਹੋਵੇ। ਘਾਟੇ

ਵਾਲੇ ਕੰਮ ਕਰਕੇ ਪਛਤਾਣਾ ਨਾ ਪਏ। ਜੀਵਨ ਬੜਾ ਕੀਮਤੀ ਹੈ ਐਵੇਂ ਨਾ ਗਵਾ ਲਈਏ।

ਚਿੱਤਰ ਗੁਪਤ ਜਮਦੂਤ ਅਤੇ ਧਰਮ ਰਾਜ ਬਾਰੇ ਅੱਗੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾ ਰਹੀ ਹੈ। ਪਹਿਲਾਂ ਇਕ ਹੋਰ ਖਾਸ ਨੁਕਤਾ ਸਮਝ ਲਈਏ। ਕਿ ਗੁਰਬਾਣੀ ਵਿਚ **"ਧਰਮ ਜਾਂ, ਧਰਮਰਾਜ"**, ਕਿਨ੍ਹਾਂ ਅਰਥਾਂ ਵਿਚ ਆਇਆ ਹੈ?

1. **ਧਰਮ ਇਕ ਨਿਅਮ –**
ਧੌਲੁ ''ਧਰਮੁ'' ਦਇਆ ਕਾ ਪੂਤੁ।।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।। (ਜਪੁ–3)

2. **ਰਸਤਾ** – ਮੰਨੈ ਮਗੁ ਨ ਚਲੈ ਪੰਥੁ।। ਮੰਨੇ ਧਰਮ ਸੇਤੀ ਸਨਬੰਧੁ। (ਜਪੁ–3)

3. **ਇਨਸਾਫ**
ਅਮੁਲੁ ''ਧਰਮੁ'' ਅਮੁਲੁ ਦੀਬਾਣੁ।।
ਅਮੁਲੁ ਤੁਲੁ ਅਮੁਲੁ ਪਰਵਾਣੁ।। (ਜਪੁ–5)

4. **ਇਕ ਧਰਮਰਾਜ ਦੇਵਤੇ ਲਈ –**
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ 'ਧਰਮ' ਦੁਆਰੇ।। (ਜਪੁ–6)

5. **ਧਾਰਮਕ ਵਿਚਾਰ ਲਈ–**
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ "ਧਰਮੁ" ਵੀਚਾਰੇ।। (ਜਪੁ–6)

6. **ਧਰਮ ਕਮਾਉਣ ਦੀ ਥਾਂ–**
ਰਾਤੀ ਰੁਤੀ ਥਿਤੀ ਵਾਰ।। ਪਵਣ ਪਾਣੀ ਅਗਨੀ ਪਾਤਾਲ।।
ਤਿਸੁ ਵਿਚਿ ਧਰਤੀ ਥਾਪਿ ਰਖੀ ''ਧਰਮ ਸਾਲ''।। (ਜਪੁ–7)

7. **ਧਰਮ ਦਾ ਰਾਹ–**
ਧਰਮ ਖੰਡ ਕਾ ਏਹੋ "ਧਰਮੁ।।" ਗਿਆਨ ਖੰਡ ਕਾ ਆਖਹੁ ਕਰਮ।। (ਜਪੁ–7)

8. **ਜੀਵਨ ਜਾਚ –**
ਸਰਬ ''ਧਰਮ'' ਮਹਿ ਸ੍ਰੇਸਟ ''ਧਰਮ''।।
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।। (266)

9. **ਇਨਸਾਫ ਕਰਨਵਾਲਾ ਰੱਬ –**
ਚੰਗਿਆਈਆ ਬੁਰਿਆਈਆ ਵਾਚੈ "ਧਰਮੁ" ਹਦੂਰਿ।। (ਜਪੁ–8)



10. **ਇਨਸਾਫ ਰੂਪ ਰੱਬ, ਮਨੁੱਖ ਦੇ ਅੰਦਰ ਹੈ**
ਨਾਨਕ ਜੀਅ ਉਪਾਇ ਕੈ, ਲਿਖਿ ਨਾਵੈ ''ਧਰਮ'' ਬਹਾਲਿਆ।।
ਓਥੈ ਸਚੇ ਹੀ ਸਚਿ ਨਿਬੜੈ, ਚੁਣਿ ਵਖਿ ਕਢੇ ਜਜਮਾਲਿਆ।। (463)

11. **ਨੇਕ ਜੀਵਨ ਲਈ–**
''ਧਰਮ'' ਸੇਤੀ ਵਾਪਾਰੁ ਨ ਕੀਤੋ, ਕਰਮੁ ਨ ਕੀਤੋ ਮਿਤੁ।।
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ, ਧਨ ਜੋਬਨ ਸਿਉ ਚਿਤੁ।। (75)

ਗੋਇੰਦਵਾਲ ਵਿਖੇ ਗੁਰੂ ਘਰ ਦੀ ਚੜ੍ਹਤ ਵੇਖਕੇ ਜਾਤ ਅਭਿਮਾਨੀ ਲੋਕਾਂ ਨੇ ਕਈ ਸਾਰੇ ਢੰਗਾਂ ਨਾਲ ਵਿਰੋਧ ਕੀਤਾ। ਇਥੋਂ ਦਾ ਇਕ ਸਿਰ ਕੱਢਵਾਂ ਤਪਾ ਗੁਰੂ ਘਰ ਨਾਲ ਬਹੁਤ ਈਰਖਾ ਕਰਨ ਲੱਗਾ। ਪਿੰਡ ਦੇ ਲੋਕਾਂ ਨੂੰ ਫੁਸਲਾ ਕੇ ਝੂਠੀਆਂ ਸ਼ਕਾਇਤਾਂ ਤਿਆਰ ਕਰਕੇ, ਬਾਦਸ਼ਾਹ ਅਕਬਰ ਤਕ ਭੀ ਪਹੁੰਚ ਕੀਤੀ ਗਈ। ਅਕਬਰ ਨੇ ਇਹਨਾਂ ਦੀ ਸ਼ਕਾਇਤ ਨੂੰ ਗੰਭੀਰਤਾ ਨਾਲ ਨਾ ਲਿਆ ਤੇ ਖਾਰਜ ਕਰ ਦਿੱਤੀ। ਅਜਿਹੀਆਂ ਹੋਰ ਭੀ ਇਸ ਤਪੇ ਨੇ ਚਾਲਾਂ ਚੱਲੀਆਂ। ਇਸ ਦੇ ਹੌਲੀ ਹੌਲੀ ਪਾਪ ਨੰਗੇ ਹੁੰਦੇ ਗਏ ਗੋਇੰਦਵਾਲ ਦੇ ਲੋਕ ਭੀ ਇਸ ਨੂੰ ਨਫਰਤ ਕਰਨ ਲਗ ਪਏ। ਸਾਂਝਾ ਲੰਗਰ ਵਰਤਾ ਕੇ, ਸਤਿਗੁਰੂ ਅਮਰਦਾਸ ਜੀ ਨੇ ਜਾਤ ਪਾਤ ਖਤਮ ਕਰਨ ਵਾਸਤੇ ਭਰਪੂਰ ਉਪਰਾਲੇ ਕੀਤੇ। ਇਹਨਾਂ ਜਾਤ ਦੇ ਹੰਕਾਰੀ ਲੋਕਾਂ ਨੂੰ ਭੀ ਲੰਗਰ ਛਕਣ ਲਈ ਸੱਦਾ ਦਿੱਤਾ। ਪਰ ਇਹ ਨਾ ਆਏ। ਗੁਰੂ ਜੀ ਨੇ ਆਖਰੀ ਅਪੀਲ ਵਿਚ ਇਹ ਭੀ ਐਲਾਨ ਕਰ ਦਿੱਤਾ ਕਿ ਜੋ ਵਿਅਕਤੀ ਪੰਗਤ ਵਿਚ ਬੈਠਕੇ, ਸਾਂਝਾ ਲੰਗਰ ਛਕੇਗਾ, ਉਸਨੂੰ ਨਕਦੀ ਰੁਪੈ ਪੈਸੇ ਭੀ ਦਿੱਤੇ ਜਾਣਗੇ। ਇਸ ਤਪੇ ਦਾ ਮਨ ਲਾਲਚ ਵਿਚ ਆਗਿਆ। ਆਪਣੇ ਬੇਟੇ ਨੂੰ ਪਿਛਵਾੜਿਓ ਲੰਗਰ ਛਕਣ ਲਈ ਅੰਦਰ ਭੇਜ ਦਿੱਤਾ। ਸਤਿਗੁਰੂ ਜੀ ਨੇ ਗੋਇੰਦਵਾਲ ਦੇ ਮੁਖੀ ਵਿਅਕਤੀਆਂ ਨੂੰ ਇਕੱਠੇ ਕਰਕੇ, ਸਾਰੀ ਵਾਰਤਾ ਸੁਣਾਈ। ਪੁੱਛਿਆ ਕਿ ਤੁਸੀਂ ਸਾਰੇ ਸਿਆਣੇ ਮਨੁੱਖ ਦਸੋ ਕਿ ਇਹ ਤਪਾ ਧਰਮੀ ਹੈ? ਜਿੰਨੇ ਇਹ ਰੋਹਬ ਦਿਖਾ ਰਿਹਾ ਹੈ ਇਸ ਵਿਚ ਕੋਈ ਗੁਣ ਹੈ? ਇਸ ਵਿਚਾਰ ਨੂੰ ਗੁਰੂ ਰਾਮ ਦਾਸ ਸਾਹਿਬ ਨੇ, ਇਕ ਸਲੋਕ ਵਿਚ ਇਉਂ ਕਲਮਬੰਦ ਕੀਤਾ ਹੈ–

**ਤਪਾ ਨ ਹੋਵੈ ਅੰਦ੍ਹੁ ਲੋਭੀ, ਨਿਤ ਮਾਇਆ ਨੋ ਫਿਰੈ ਜਜਮਾਲਿਆ।।**
**ਅਗੋਂ ਦੇ ਸਦਿਆਂ ਸਤੈ ਦੀ ਭਿਖਿਆ ਲਏ ਨਾਹੀ,**

**ਪਿਛੋਂ ਦੇ ਪਛੁਤਾਇ ਕੈ, ਆਣਿ ਤਪੈ ਪੁਤੁ ਵਿਚ ਬਹਾਲਿਆ।।**
**ਪੰਚ ਲੋਗ ਸਭਿ ਹਸਣ ਲਗੇ, ਤਪਾ ਲੋਭਿ ਲਹਰਿ ਹੈ ਗਾਲਿਆ।।**
**ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ,**
**ਧਨਿ ਬਹੁਤੈ ਡਿਠੈ ਤਪੈ "ਧਰਮੁ" ਹਾਰਿਆ।।**
**ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ।।**
**ਸਤ ਪੁਰਖ ਕੀ ਤਪਾ ਨਿੰਦਾ ਕਰੈ,**
**ਸੰਸਾਰੈ ਕੀ ਉਸਤਤੀ ਵਿਚਿ ਹੋਵੈ, ਏਤੁ ਦੋਖੈ ਤਪਾ ਦਯਿ ਮਾਰਿਆ।।**
**ਮਹਾਂ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ,**
**ਸਭੁ ਗਇਆ ਤਪੇ ਕਾ ਘਾਲਿਆ।।**
**ਬਾਹਰਿ ਬਹਿ ਪੰਚਾ ਵਿਚਿ ਤਪਾ ਸਦਾਏ।।**
**ਅੰਦਰਿ ਬਹੈ ਤਪਾ ਪਾਪ ਕਮਾਏ।।**
**ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ।।**
**''ਧਰਮ ਰਾਇ'', ਜਮਕੰਕਰਾ ਨੋ ਆਖਿ ਛਡਿਆ,**
**ਏਸੁ ਤਪੇ ਨੋ ਤਿਥੈ ਖੜਿ ਪਾਇਹੁ, ਜਿਥੈ ਮਹਾਂਮਹਾਂ ਹਤਿਆਰਿਆ।।**
**ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ, ਏਹ ਸਤਿਗੁਰਿ ਹੈ ਫਿਟਕਾਰਿਆ।।**
**ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ।।**
**ਸੋ ਬੂਝੈ ਜੁ ਦਯਿ ਸਵਾਰਿਆ।।** (315)

**ਨੋਟ: ਇਸ ਸ਼ਬਦ ਦਾ ਸੰਖੇਪ ਸਾਰ ਉਪਰ ਦਿੱਤਾ ਜਾ ਚੁੱਕਾ ਹੈ। ਹੁਣ ਕੇਵਲ ''ਧਰਮ ਰਾਇ'' ਵਾਲੀ ਪੰਕਤੀ ਤੋਂ ਹੀ ਵਿਚਾਰ ਕੀਤੀ ਜਾਵੇਗੀ।**

ਹੇ ਭਾਈ ! ਇਨਸਾਫ ਪਸੰਦ (ਧਰਮੀ ਸਖਸੀਅਤ) ਸਤਿਗੁਰੂ ਜੀ ਨੇ (ਗੁਰੂ ਅਮਰਦਾਸ ਜੀ ਵੱਲ ਸੰਕੇਤ ਹੈ) ਸੇਵਕਾਂ (ਸਿੱਖਾਂ) ਨੂੰ ਹੁਕਮ ਦਿੱਤਾ ਕਿ ਏਸ ਪਾਖੰਡੀ ਤਪੇ ਨੂੰ ਉਥੇ ਸੁੱਟਣਾ ਜਿੱਥੇ ਮਹਾਂ ਪਾਪੀਆਂ ਤੇ ਕਾਤਲਾਂ ਨੂੰ ਸੁੱਟਿਆ ਜਾਂਦਾ ਹੈ। ਇਸ ਨੂੰ ਸਾਰੇ ਤਿਆਗ ਦਿਓ, ਕੋਈ ਵਿਹਾਰ ਨਾ ਰਖੋ ਇਸ ਨਾਲ। ਕਿਉਂਕਿ ਇਸ ਨੇ ਸਤਿਗੁਰੂ ਜੀ ਵਿਰੁਧ ਕਮੀਣੀਆਂ ਚਾਲਾਂ ਚੱਲੀਆਂ ਸਨ। ਉਹ ਸਾਰੀਆਂ ਸਾਜਿਸ਼ਾ ਤੁਹਾਡੇ ਸਾਹਮਣੇ ਉਘਾੜ ਦਿੱਤੀਆਂ ਹਨ। ਇਸ ਪਾਪੀ ਇਨਸਾਨ (ਤਪੇ) ਨੂੰ



ਸਤਿਗੁਰੂ ਜੀ ਨੇ ਦੁਰਕਾਰ ਦਿੱਤਾ ਹੈ। ਪਰਮੇਸ਼ਰ ਜੀ ਨੂੰ ਇਸੇ ਤਰ੍ਹਾਂ ਭਾਉਂਦਾ ਸੀ। ਜੋ ਨਿਰੰਕਾਰ ਵੱਲੋਂ ਇਸਨੂੰ ਸਜਾ ਮਿਲਣੀ ਸੀ, ਉਹ ਮਿਲ ਗਈ ਹੈ। ਨਿਰੰਕਾਰ ਦੇ ਅਸੂਲ ਦੀਆਂ ਗੁੱਝੀਆਂ ਵਿਚਾਰਾਂ ਤੁਹਾਨੂੰ ਸਤਿਗੁਰੂ ਸਮਝਾ ਰਿਹਾ ਹੈ। ਇਹਨਾਂ ਡੂੰਘੀਆਂ ਰਮਜਾਂ ਨੂੰ ਉਹੀ ਮਨੁੱਖ ਸਮਝ ਸਕਦੇ ਹਨ ਜਿਨ੍ਹਾਂ ਉਪਰ ਕਰਤਾਰ ਦੀ ਅਪਾਰ ਬਖਸ਼ਿਸ਼ ਹੁੰਦੀ ਹੈ।

**ਖਾਸ ਧਿਆਨਯੋਗ**- ਇਸ ਸ਼ਬਦ ਵਿਚ ''ਧਰਮ ਰਾਇ'' ਜਮਕੰਕਰਾਂ ਨੋ ਆਖਿ ਛਡਿਆ...।'' ਧਰਮਰਾਜ ਉਸ ਵਕਤ ਕੀ ਗੋਇੰਦਵਾਲ ਬੈਠਾ ਹੋਇਆ ਸੀ? ਉਸ ਦੇ ਸੇਵਕ ''ਜਮਦੂਤ'' ਭੀ ਨਾਲ ਹੀ ਆ ਗਏ ਸਨ? ਕਾਰਵਾਈ ਤਾਂ ਸਾਰੀ ਸਤਿਗੁਰੂ ਖੁਦ ਨਿਭਾ ਰਹੇ ਸਨ। ਜਮਕੰਕਰ ਕੋਈ ਹੋਰ ਨਹੀਂ ਸਨ। ਪਿੰਡ ਗੋਇੰਦਵਾਲ ਵਾਸੀ ਅਤੇ ਸਿੱਖ ਸਨ। ਜਿਨ੍ਹਾਂ ਨੇ ਸਤਿਗੁਰੂ ਦਾ ਹੁਕਮ ਮੰਨ ਕੇ, ਇਸ ਪਾਖੰਡੀ ਤਪੇ ਨੂੰ ਦੁਰਕਾਰ ਦਿੱਤਾ। ਸਤਿਗੁਰੂ ਨੇ ਇਸ ਸਾਰੀ ਸਮਾਜਕ ਕਾਰਵਾਈ ਨੂੰ ''ਹਰਿ ਕੈ ਦਰਿ ਵਰਤਿਆ..'' ਆਖਕੇ ਧਾਰਮਕਤਾ ਦੀ ਮੋਹਰ ਲਾਈ ਹੈ। ਭਾਵ ਜੋ ਇਨਸਾਫ ਗੁਰੂ ਕਰਦਾ ਹੈ, ਸਮਝੋ ਉਹੀ ਰੱਬ ਦਾ ਇਨਸਾਫ ਹੈ। ਕਿਸੇ ਉਪਰਲੇ ''ਧਰਮਰਾਜ'' ਨੇ ਉਪਰ ਬੈਠਕੇ ਇਹ ਫੈਸਲਾ ਨਹੀਂ ਕੀਤਾ। **ਸਗੋਂ ਧਰਤੀ ਗੋਇੰਦਵਾਲ ਦੀ, ''ਧਰਮਰਾਜ'' ਸਤਿਗੁਰੂ ਖੁਦ, ਸਜਾ ਦਾ ਭਾਗੀਦਾਰ ਤਪਾ। ਧਰਮ ਦੀ ਮੂਰਤ ਗੁਰੂ ਦਾ ਹੁਕਮ ਲਾਗੂ ਕਰਵਾਉਣ ਵਾਲੇ ਸੇਵਕ ਸਿੱਖ। ਇਸ ਅਨੋਖੀ ਰਮਜ ਦੀ ਕਿਸੇ ਅਕਲ ਵਾਲੇ ਵਿਅਕਤੀ ਨੂੰ ਸਮਝ ਪੈਂਦੀ ਹੈ। ਜਿਨ੍ਹਾਂ ਤੇ ਕਰਤਾ ਪੁਰਖ ਦੀ ਖਾਸ ਮੇਹਰ ਹੋਵੇ।**

ਗੁਰੂ ਦੀ ਮਤ ਲੈ ਕੇ ਜੀਵਨ ਬਸਰ ਕਰਨ ਵਾਲੇ ਕਰਤਾਰ ਨੂੰ ਯਾਦ ਰਖਣ ਵਾਲਿਆਂ ਤੋਂ ''ਧਰਮਰਾਜ'' (ਪੌਰਾਣਕ ਕਥਾਵਾਲਾ) ਥਰ ਥਰ ਕੰਬਦਾ ਹੈ।

**ਮਥੁਰਾ ਭਲਿ ਭਾਗ ਭਲੇ ਉਨ ਕੇ, ਮਨ ਇਛਤ ਹੀ ਫਲ ਪਾਵਤ ਹੈ।।**
**ਰਵਿ ਕੇ ਸੁਤ ਕੋ ਤਿਨ, ਤ੍ਰਾਸੁ ਕਹਾ, ਜੁ ਚਰਨ ਗੁਰੂ ਚਿਤੁ ਲਾਵਤ ਹੈ।। (1404)**

ਹੇ ਭਾਈ ! ਉਹ ਵੱਡੇ ਭਾਗਾਂ ਵਾਲੇ ਹਨ, ਜੋ ਗੁਰੂ ਦੀ ਮੱਤ ਮੁਤਾਬਕ ਚਲਦੇ ਹਨ। ਉਹ ਸਾਰੀਆਂ ਖੁਸ਼ੀਆਂ ਪ੍ਰਾਪਤ ਕਰ ਲੈਂਦੇ ਹਨ। ਸੂਰਜ ਦੇ ਪੁੱਤਰ (ਪੌਰਾਣਕ ਕਥਾ ਮੁਤਾਬਕ) ਧਰਮ ਰਾਜ ਦਾ ਉਹਨਾਂ ਨੂੰ ਕੋਈ ਡਰ ਨਹੀਂ ਰਹਿੰਦਾ, ਜੋ ਗੁਰੂ

ਚਰਨਾਂ ਵਿਚ ਮਨ ਜੋੜਕੇ ਰਖਦਾ ਹੈ। ਭਾਵ ਜਿਸਨੂੰ ਗੁਰੂ ਦਾ ਗਿਆਨ ਸਮਝ ਆ ਜਾਂਦਾ ਹੈ।

**ਨਿਸਿ ਬਾਸੁਰ ਏਕ ਸਮਾਨ ਧਿਆਨ, ਸੁ ਨਾਮ ਸੁਨੇ ਸੁਤੁ ਭਾਨ ਡਰ੍ਉ।।...**

**ਰਾਮਦਾਸੁ ਗੁਰੂ ਹਰਿ ਸਤਿ ਕੀਯਉ, ਸਮਰਥ ਗੁਰੂ ਸਿਰਿ ਹਥ ਧਰ੍ਉ।। (1400)**

ਹੇ ਭਾਈ ! ਜਿਨ੍ਹਾਂ ਵਿਅਕਤੀਆਂ ਨੇ ਦਿਨ ਰਾਤ ਅਕਾਲ ਪੁਰਖ ਨੂੰ ਹਿਰਦੇ ਵਿਚ ਬਸਾਇਆ ਹੈ। ਸੂਰਜ ਦਾ ਪੁੱਤਰ (ਪੌਰਾਣਕ) ਧਰਮ ਰਾਜ ਉਹਨਾਂ ਦਾ ਨਾਮ ਸੁਣਕੇ ਹੀ ਥਰ ਥਰ ਕੰਬਣ ਲਗ ਜਾਂਦਾ ਹੈ। ਇਸ ਲਈ ਅਖੌਤੀ ਧਰਮਰਾਜ ਤੋਂ ਡਰਨ ਦੀ ਲੋੜ ਨਹੀਂ ਹੈ। ਸਤਿਗੁਰੂ ਰਾਮਦਾਸ ਜੀ ਨੇ ਸਚਾਈ ਦਾ ਮਾਰਗ ਸਮਝਾ ਦਿੱਤਾ ਹੈ। ਸਾਰੀਆਂ ਰਹਿਮਤਾਂ ਬਰਕਤਾਂ ਦੇ ਮਾਲਕ ਸਤਿਗੁਰੂ ਜੀ ਨੇ ਕਿਰਪਾ ਕਰਕੇ ਸੇਵਕਾਂ ਦੇ ਸਿਰ ਤੇ ਮੇਹਰ ਭਰਿਆ ਹਥ ਧਰ ਦਿਤਾ ਹੈ। ਗਿਆਨ ਬਖਸ਼ ਦਿੱਤਾ ਹੈ।

**ਜਿਹ ਕਾਟੀ ਸਿਲਕ ਦਯਾਲ ਪ੍ਰਭਿ, ਸੇਇ ਜਨ ਲਗੇ ਭਗਤੇ।।**

**ਹਰਿ ਗੁਰੂ ਨਾਨਕੁ ਜਿਨ ਪਰਸਿਓ ਤੇ ਇਹ ਉਤ ''ਸਦਾ ਮੁਕਤੇ''।। (1387)**

ਹੇ ਭਾਈ ! ਕਰਤਾਰ ਨੇ ਜਿਸ ਵਿਅਕਤੀ ਦੇ ਮਾਇਆ ਵਾਲੇ ਫੰਦੇ ਕੱਟ ਦਿੱਤੇ। ਉਹ ਸੇਵਕ ਪ੍ਰਭੂ ਦੀ ਭਗਤੀ ਕਰਨ ਲਗ ਜਾਂਦੇ ਹਨ। ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਸਿਖਿਆ ਰਾਹੀਂ, ਨਿਰੰਕਾਰ ਨੂੰ ਜਾਣ ਲਿਆ ਹੈ, ਉਹ ਇਥੇ ਉਥੇ (ਵਰਤਮਾਨ ਤੇ ਭਵਿਖ) ਸਦਾ ਹੀ ਬੰਧਨ ਮੁਕਤ ਜੀਵਨ ਬਤੀਤ ਕਰਦੇ ਹਨ।

***ਚਿੱਤਰ ਗੁਪਤ*** :- ਪੁਰਾਣਾ ਮੁਤਾਬਕ ਧਰਮ ਰਾਜ ਦਾ ਇੱਕ ਮੁਣਸੀ, ਜੋ ਸਾਰੇ ਜੀਵਾਂ ਦੇ ਕਰਮ ਗੁਪਤ ਰੀਤ ਨਾਲ ਲਿਖਦਾ ਹੈ। ਸਕੰਦ ਪੁਰਾਣ ਵਿਚ ਲੇਖ ਹੈ ਕਿ ਇੱਕ ਚਿਤਰ ਨਾਉ ਦਾ ਰਾਜਾ, ਹਿਸਾਬ ਵਿਚ ਬੜਾ ਨਿਪੁੰਨ ਸੀ। ਯਮਰਾਜ ਨੇ ਆਪਣੇ ਦਫਤਰ ਦਾ ਹਿਸਾਬ ਠੀਕ ਰੱਖਣ ਵਾਸਤੇ, ਆਪਣੇ ਕੋਲ ਮੰਗਵਾ ਲਿਆ। (ਇਹ ਰਾਜਾ ਜਿਸ ਵਕਤ ਨਦੀ ਤੇ ਇਸ਼ਨਾਨ ਕਰਨ ਗਿਆ ਸੀ) ਆਪਣੇ ਦਫਤਰ ਦਾ ਹਿਸਾਬ ਉਸਦੇ ਸਪੁਰਦ ਕੀਤਾ। ਭਵਿੱਖਤ ਪੁਰਾਣ ਵਿਚ ਲਿਖਿਆ ਹੈ ਕਿ ਜਦੋਂ ਬ੍ਰਹਮਾ, ਸ੍ਰਿਸ਼ਟੀ ਰਚਨਾ ਕਰਕੇ ਧਿਆਨ ਮਗਨ ਹੋ ਗਿਆ, ਤਦ ਉਸ ਦੇ ਸਰੀਰ ਵਿਚੋਂ ਇੱਕ ਚਿਤਰ (ਰੰਗ ਬਰੰਗਾ) ਪੁਰਸ਼ ਪ੍ਰਗਟ ਹੋਇਆ, ਜਿਸਦੇ ਹੱਥ ਵਿਚ ਕਲਮ ਦਵਾਤ ਸੀ। ਬ੍ਰਹਮਾ ਦੀ ਅੱਖ ਖੁਲਣ ਤੇ ਇਸ ਨੇ ਪੁੱਛਿਆ ਕਿ ਮੇਰਾ ਨਾਮ ਅਤੇ ਕੰਮ ਦੱਸੋ। ਬ੍ਰਹਮਾ ਨੇ ਕਿਹਾ ਕਿ ਤੂੰ ਮੇਰੀ ਕਾਯਾ (ਸਰੀਰ) ਤੋਂ ਪ੍ਰਗਟ ਹੋਇਆ ਹੈ, ਇਸ



ਲਈ ਕਾਇਸਥ ਸੰਗਿਆ ਹੋਈ। ਤੇਰਾ ਕੰਮ ਜੀਵਾਂ ਦੇ ਕਰਮ ਲਿਖਣਾ ਹੋਵੇਗਾ। ਕਾਇਸਥ ਲੋਕ ਮੰਨਦੇ ਹਨ ਕਿ ਸਾਡਾ ਵਡੇਰਾ ਇਹੀ ਹੈ। ਗਰੁੜ ਪੁਰਾਣ ਮੁਤਾਬਕ ਚਿਤਰ ਗੁਪਤ ਦੀ ''ਪੁਰੀ'' ਜੁਦੀ ਹੈ। ਧਰਮ ਰਾਜ ਦੀ ਪੁਰੀ ਦੇ ਪਾਸ ਹੈ। ਇਸਲਾਮ ਧਰਮ ਵਿਚ ਚਿਤਰ ਗੁਪਤ ਨਹੀਂ ਹੈ। ਉਹਨਾਂ ਵਿਚ ਇਸ ਦੀ ਥਾਂ ਫਰਿਸ਼ਤੇ ਮੰਨੇ ਗਏ ਹਨ (ਮਹਾਨ ਕੋਸ਼ ਪੰਨਾ - 468, ਹਿੰਦੂ ਮਿਥਿਹਾਸ ਕੋਸ਼ - 241)

***ਵਿਚਾਰ :-*** ਉਪਰ ਵਰਣਿਤ ਕਹਾਣੀ ਉਹਨਾਂ ਕਾਲਪਨਿਕ ਪੁਰਾਣਾਂ ਵਿਚੋਂ ਲਈ ਗਈ ਹੈ। ਜਿਸਦੇ ਲਿਖਾਰੀ ਦਾ ਕੋਈ ਪਤਾ ਨਹੀ। ਘਟਨਾਂ ਦਾ ਕੋਈ ਵਿਗਿਆਨਕ ਆਧਾਰ ਨਹੀ। ਅੱਜ ਦੀ ਜਿੰਦਗੀ ਵਿਚਲੇ ਮਨੁੱਖ ਮਾਤਰ ਦਾ ਸੰਵਰਨਾ ਕੁਝ ਨਹੀ। ਧਰਮ ਰਾਜ ਨੇ ਆਪਣੇ ਦਫਤਰ ਬਣਾਏ ਹੋਏ ਹਨ, ਜਿਵੇਂ ਇਥੇ ਧਰਤੀ ਤੇ ਸਰਕਾਰੀ ਜਾਂ ਗੈਰ ਸਰਕਾਰੀ ਦਫਤਰ? ਸੂਰਜ ਚੰਦ ਤਾਰੇ, ਅੱਗ, ਹਵਾ, ਪਾਣੀ, ਧਰਤੀ ਆਦਿ ਨੂੰ ਚਲਾਉਣ ਲਈ ਭੀ ਫਿਰ ਕਲਰਕ ਰੱਖੇ ਹੋਣਗੇ ਰੱਬ ਨੇ? ਧਰਤੀ ਕਿੰਨੇ ਕਿਲੋ ਮੀਟਰ ਚੱਲ ਚੁੱਕੀ ਹੈ? ਹੋਰ ਕਿੰਨੇ ਸਾਲ ਤਕ ਇਹ ਚਲਦੀ ਰਹੇਗੀ ਇਹਨਾਂ ਗੱਲਾਂ ਦਾ ਹਿਸਾਬ ਰੱਖਣ ਵਾਲੇ ਕਲਰਕ ਬਣਾਏ ਹੋਣਗੇ? ਸੂਰਜ ਦੀ ਸਪੀਡ ਗਰਮਾਇਸ਼, ਉਮਰ, ਬੀਤੀ ਅਤੇ ਬਾਕੀ ਰਹਿੰਦੀ ਉਮਰ, ਇਹਨਾਂ ਚੀਜਾਂ ਦਾ ਹਿਸਾਬ ਭੀ ਰੱਖਿਆ ਹੋਣਾ ਚਿਤਰ ਗੁਪਤ ਨੇ? ਧਰਤੀ ਦੇ ਪਦਾਰਥ, ਅੱਗ ਪਾਣੀ, ਹਵਾ ਵਗੈਰਾ ਪਹਿਲਾਂ ਹੋਰ ਤਰਾਂ ਕੰਮ ਕਰਦੇ ਸਨ। ਹੁਣ ਵਿਗਿਆਨੀਆਂ ਨੇ ਹੋਰ ਕੰਮ ਲੈਣੇ ਸ਼ੁਰੂ ਕਰ ਦਿੱਤੇ ਹਨ। ਇਹਨਾਂ ਨੇ ਰੱਬ ਕੋਲ ਰੋਸ ਨਹੀਂ ਪ੍ਰਗਟ ਕੀਤਾ ਹੋਵੇਗਾ? ਕਿ ਸਾਨੂੰ ਬਚਾਓ ਜੀ, ਆਹ ਮਨੁੱਖ ਬਹੁਤ ਪ੍ਰੇਸ਼ਾਨ ਕਰਦੇ ਹਨ? ਸਾਡੇ ਤੋਂ ਕਿਹੋ ਜਿਹੇ ਔਖੇ ਤੇ ਸ਼ਰਮਸਾਰ ਕਰਨ ਵਾਲੇ ਕੰਮ ਲੈਣੇ ਸ਼ੁਰੂ ਕਰ ਦਿੱਤੇ ਹਨ?

ਗੁਪਤ ਰਪੋਟਾਂ ਲਿਖਣ ਵਾਲਾ ਪਤਾ ਨਹੀਂ ਕਿੰਨੇ ਹੱਥਾਂ ਕੰਨਾਂ ਅੱਖਾਂ ਵਾਲਾ ਹੋਵੇਗਾ? ਕਿਉਂਕਿ ਇਸ ਭਾਰਤੀ ਲੋਕਾਂ ਦੀ ਆਬਾਦੀ, ਇਕ ਅਰਬ ਦਸ ਕਰੋੜ ਤੋਂ ਵਧ ਚੁੱਕੀ ਹੈ, ਕਿਵੇਂ ਇੰਨੇ ਲੋਕਾਂ ਦਾ ਲੇਖਾ ਹੁੰਦਾ ਹੋਵੇਗਾ? ਇਥੋਂ ਦੇ ਮੰਦਰਾਂ ਵਿਚ ਬੈਠੇ ਮਹਾਂ ਪੁਜਾਰੀ, ਕਿੰਨੀਆਂ ਸਰਮਨਾਕ ਕਰਤੂਤਾਂ ਕਰਦੇ ਹਨ ਕੀ ਕਦੀ ਉਹਨਾਂ ਨੂੰ ਖੁਦ ਚਿਤਰ ਗੁਪਤ ਤੋਂ ਡਰ ਨਹੀਂ ਲਗਦਾ? ਇਹ ਚਿਤਰ ਗੁਪਤ ਭਾਈ ਭਾਰਤੀ ਪੁਲੀਸ ਵਾਂਗ ਸਿਰੇ ਦਾ ਰਿਸ਼ਵਤ ਖੋਰ ਤਾਂ ਨਹੀਂ? ਜੋ ਇਹਨਾਂ ਅਖੌਤੀ ਧਰਮੀਆਂ ਦੀ ਸੱਚੋ ਸੱਚ ਬਿਆਨ ਕਰਦੀ ਡਾਇਰੀ, ਧਰਮ ਰਾਜ ਦੀ ਮੇਜ ਤੇ ਰੱਖੇ ਤੇ ਭਾਰਤ ਵਿਚ ਵਰਤ ਰਹੇ ਵਰਤਾਰੇ ਦੀ ਅਸਲੀਅਤ ਬਿਆਨ ਕਰ ਦੇਵੇ। ਭਾਰਤੀ ਰਾਜਸੀ ਤੰਤਰ

ਵਿਚ ਸਿਰੇ ਦੀ ਰਿਸ਼ਵਤ ਖੋਰੀ ਹੈ। ਭਾਈ ਭਤੀਜਾ ਵਾਦ ਹੈ। ਵੱਡੀਆਂ ਡਿਗਰੀਆਂ ਵਾਲੇ ਧੱਕੇ ਖਾਂਦੇ ਫਿਰ ਰਹੇ ਹਨ। ਕਮੀਣੇ ਬੇਈਮਾਨ, ਲੱਠਮਾਰ, ਡਾਕੂ ਤੇ ਕਾਤਲ ਲੋਕ, ਬਹੁਤ ਵੱਡੀਆਂ ਰਾਜਸੀ ਗੱਦੀਆਂ ਤੇ ਬਿਰਾਜਮਾਨ ਹਨ। ਇਕ ਛੋਟੇ ਸਰਕਾਰੀ ਕਰਮਚਾਰੀ ਤੋਂ ਲੈ ਕੇ, ਪ੍ਰਧਾਨ ਮੰਤਰੀ ਦੇ ਦਫਤਰ ਤੱਕ, ਇਹ ਸਾਰੇ ''ਖੂਬ ਦੋਹੀ ਹੱਥੀ'' ਲੋਕਾਂ ਦੀ ''ਸੇਵਾ'' ਕਰਦੇ ਹਨ। ਸਰਕਾਰੀ ਨੌਕਰੀਆਂ ਨੀਲਾਮ ਹੁੰਦੀਆਂ ਨੇ। ਸੜਕਾਂ ਪੁਲ ਇਮਾਰਤਾਂ, ਬੱਸਾਂ, ਰੇਲਾਂ ਜਹਾਜਾਂ ਅਤੇ ਤੋਪਾਂ ਟੈਂਕਾਂ ਦੀ ਖਰੀਦ ਵਿਚ ਵੱਡੇ ਵੱਡੇ ਘੁਟਾਲੇ ਹੋ ਚੁੱਕੇ ਹਨ। ਕਾਨੂੰਨ ਤਾਂ ਨਿੱਕੇ ਕਮਜ਼ੋਰ ਲੋਕਾਂ ਵਾਸਤੇ ਹੈ। ਇਹ ਵੱਡੇ ਹਾਥੀ ਮਗਰ ਮੱਛ ਜਾ ਸਾਰਕਾਂ (ਇਕ ਬਹੁਤ ਤਾਕਤਵਰ ਮੱਛੀ) ਸਭ ਤਰਾਂ ਦੇ ਕਾਨੂੰਨੀ ਜਾਲ ਤੋੜਕੇ ਬਚ ਜਾਂਦੇ ਹਨ। ਬਸ ਖ੍ਰੀਦਦਾਰ ਤਕੜਾ ਚਾਹੀਦਾ ਹੈ, ਪੂਰੀ ਭਾਰਤੀ ਪਾਰਲੀਮੈਂਟ ਵਿਕਾਊ ਹੈ। ਪਾਰਲੀਮੈਂਟ ਮੈਂਬਰ ਵਿਕਰੀ ਲਈ ਤਿਆਰ ਹਨ। ਜਨਵਰੀ 2006 ਵਿਚ ਗਿਆਰਾਂ ਪਾਰਲੀਮੈਟ ਮੈਂਬਰਾਂ ਨੂੰ ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜਿਆ ਗਿਆ ਤੇ ਮੈਂਬਰੀ ਤੋਂ ਬਰਖਾਸਤ ਕੀਤੇ ਗਏ। ਜਦੋਂ ਕਿ ਉਹਨਾਂ ਨੂੰ ਸਖ਼ਤ ਕੈਦ ਹੋਣੀ ਚਾਹੀਦੀ ਸੀ। ਲੜਕੇ, ਦਾਜ ਬਦਲੇ ਵਿਕਣ ਲਈ ਤਿਆਰ ਹਨ। ਲੜਕੀਆਂ ਵੇਚੀਆਂ ਜਾ ਰਹੀਆਂ ਹਨ।

ਵਿਦਵਾਨ ਲੋਕ ਵਿਕਾਊ ਹਨ। ਧਰਮ ਮੁਖੀ ਧਰਮ ਨੂੰ ਵੇਚਣ ਲਈ ਕਾਹਲੇ ਹਨ। ਵਿਉਪਾਰੀ, ਦੁਕਾਨਦਾਰ, ਮੁਲਾਜਮ ਠੇਕੇਦਾਰ ਥੋਕ ਵਿਚ ਵੇਚੇ ਖ੍ਰੀਦੇ ਜਾ ਰਹੇ ਹਨ। ਇਥੇ ਜਮੀਰਾਂ ਇੱਜਤਾਂ ਸਰੇਆਮ ਵਿਕਦੀਆਂ ਹਨ ....। ਇਥੋ ਦੇ ਚਿਤਰ ਗੁਪਤ ਭੀ ਖ੍ਰੀਦੇ ਜਾ ਚੁੱਕੇ ਹਨ। ਉਹ ਭੀ ਬੇਈਮਾਨਾਂ ਦੇ ਦੇਸ਼ ਵਿਚ ਰਹਿਕੇ ਪੂਰਨ 'ਭਾਰਤੀ ਮੁੱਖ ਧਾਰਾ' ਵਿਚ ਸ਼ਾਮਲ ਹੋ ਗਏ ਹਨ। ਅਗਰ ਚਿਤਰ ਗੁਪਤ ਜੀ ਲੇਵਾ ਦੇਵੀ ਕਰਕੇ ਆਪਣੇ ਆਪ ਨੂੰ ਹਾਲਾਤ ਅਨੁਸਾਰ ਨਾਂ ਢਾਲਦੇ ਫਿਰ ਉਹਨਾਂ ਤੋਂ ਇਹ ਪਦਵੀ ਖੋਹਕੇ, ਕਿਸੇ ਹੋਰ ਨੂੰ ਭੀ ਦਿੱਤੀ ਜਾ ਸਕਦੀ ਸੀ। ਉਹ ਵੈਸੇ ਤਾਂ ਠੀਕ ਰਿਪੋਰਟ ਲਿਖਦੇ ਹੀ ਨਹੀਂ। ਜੇ ਕਦੀ ਹੀਆ ਕਰਕੇ ਲਿਖ ਲੈਣ ਤਾਂ ਧਰਮਰਾਜ ਦੀ ਕਚਹਿਰੀ ਤੱਕ ਪੁੱਜਦਿਆਂ, ਕਈ ਔਖੀਆਂ ਘਾਟੀਆਂ ਵਿਚੋਂ ਦੀ ਲੰਘਦਿਆਂ ਕਈ ਫਾਈਲਾਂ ਬਦਲ ਜਾਂਦੀਆਂ ਹਨ। ਜਿਨ੍ਹਾਂ ਦੀ ਪਹੁੰਚ ਹੀ ਸਿੱਧੀ ਧਰਮਰਾਜ ਤੱਕ ਹੋਵੇ, ਉਹਨਾਂ ਦਾ ਤਾਂ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। **''ਸੌ ਵਿਚੋਂ ਨੜਿਨਵੇਂ ਲੋਕ ਬੇਈਮਾਨ। ਫਿਰ ਭੀ ਮੇਰਾ ਭਾਰਤ ਮਹਾਨ।''**



ਬ੍ਰਾਹਮਣ ਨੇ ਬੜਾ ਡਰਾਇਆ ਹੈ ਲੋਕਾਂ ਨੂੰ ਇਹਨਾਂ ਚਿਤਰੇ ਮਿਤਰੇ ਬਣਾਵਟੀ ਪਾਤਰਾਂ ਰਾਹੀਂ। ਜੇ ਇਹ ਸੱਚ ਮੁੱਚ ਹੁੰਦੇ ਤਾਂ ਅੰਨ੍ਹੇ ਹੋਏ ਸੀ ਜਿਨ੍ਹਾਂ ਅੱਜ ਤੱਕ ਇਹਨਾਂ ਉੱਪਰ ਵਰਣਨ ਕੀਤੇ ਲੋਕਾਂ ਦੀ ਸਹੀ ਕਾਰਵਾਈ ਮੁੱਖ ਦਫਤਰ ਤੱਕ ਪੁਚਾਕੇ, ਸਜ਼ਾ ਕਿਉਂ ਨਹੀਂ ਦਵਾਈ? ਸਦੀਆਂ ਤੋਂ ਸਿੱਖਾਂ ਦਾ ਜਾਨੀ ਦੁਸ਼ਮਣ ਗੰਗੂ ਖਾਨਦਾਨ, ਅੱਜ ਤੱਕ ਇਸ ਦੇਸ਼ ਦਾ ਮਾਲਕ ਚਲਿਆ ਆ ਰਿਹਾ ਹੈ। ਸੰਨ 1984 ਵਿਚ ਦੋ ਵਾਰੀ ਸਿੱਖਾਂ ਦੇ ਖੂਨ ਦੀ ਹੋਲੀ ਖੇਢੀ ਗਈ। ਚਿਤਰ ਗੁਪਤ ਨੇ ਧਰਮਰਾਜ ਤੱਕ ਕੋਈ ਖਬਰ ਨਹੀਂ ਪੁਚਾਈ, ਕਿ ਇਹਨਾਂ ਦੋਸ਼ੀਆਂ ਨੂੰ ਸਜ਼ਾ ਦਿਓ। ਯਾਦ ਰਹੇ ਗੰਗੂ ਦਾ ਪੁੱਤਰ ਸੀ ਰਾਜ ਕੌਲ, ਉਸਦਾ ਲਕਸ਼ਮੀ ਨਾਰਾਇਣ, ਉਸਦਾ ਗੰਗਾਧਰ, ਉਸਦਾ ਮੋਤੀ ਲਾਲ ਨਹਿਰੂ, ਤੇ ਮੋਤੀ ਲਾਲ ਦਾ ਬੇਟਾ ਜਵਾਹਰ ਲਾਲ ਨਹਿਰੂ..... ਇੰਦਰਾ ਗਾਂਧੀ। ਮੁਗਲਾਂ ਵੇਲੇ ਤੋਂ ਲੈ ਕੇ, ਅੰਗ੍ਰੇਜ਼ਾਂ ਤੱਕ ਇਹ ਪਰਵਾਰ ਬਹੁਤ ਵੱਡੇ ਸਰਕਾਰੀ ਅਹੁਦਿਆਂ ਤੇ ਰਿਹਾ। ਅਥਾਹ ਧਨ ਕਮਾਇਆ, ਆਪਣੇ ਲੋਕਾਂ ਨੂੰ ਫਾਂਸੀ ਲਗਵਾਇਆ। ਅਜ਼ਾਦ ਭਾਰਤ ਵਿਚ ਭੀ ਰਾਜ ਭਾਗ ਦਾ ਮਾਲਕ, ਇਹੀ ਪਰਵਾਰ? ਇਥੋਂ ਦੇ ਅਸਲ ਵਸਨੀਕ ਚੂਹੜੇ ਚਮਾਰ ਨਾਈ ਧੋਬੀ ਝਿਉਰ ਅਤੇ ਹੋਰ ਅਨੇਕ ਕੰਮੀ ਲੋਕ, ਹਜਾਰਾਂ ਸਾਲਾਂ ਤੋਂ, ਵਿਲਕਦੇ ਤੜਪਦੇ ਹਉਕੇ ਭਰਦੇ, ਇੱਜਤ ਗੁਆਉਂਦੇ, ਪਸ਼ੂਆਂ ਵਾਂਗ ਕਤਲ ਹੁੰਦੇ ਆ ਰਹੇ ਹਨ। ਉਹਨਾਂ ਦੀਆਂ ਚੀਕਾਂ ਚਿਤਰ ਗੁਪਤ ਨੂੰ ਕਦੀ ਨਾਂ ਸੁਣੀਆਂ? ਧਰਮ ਰਾਜ ਤੱਕ ਉਹਨਾਂ ਦਾ ਦਰਦ ਕਦੀ ਨਾ ਪਹੁੰਚਿਆ? ਔਰਤ ਜਾਤੀ ਤੇ ਸਦੀਆਂ ਤੋਂ ਸਾਰੀ ਦੁਨੀਆ ਵਿਚ ਜੋ ਲੱਖਾਂ ਪਰਕਾਰ ਦੇ, ਅਸਹਿ ਜੁਲਮ ਹੁੰਦੇ ਆ ਰਹੇ ਹਨ, ਇਹ ਭੀ ਜਨਮ ਤੋਂ ਅੰਨ੍ਹੇ ਚਿਤਰ ਗੁਪਤ ਨੂੰ, ਨਾ ਦਿੱਸੇ? ਜੇ ਚਿਤਰ ਗੁਪਤ ਹੁੰਦੇ ਤਾਂ ਜਰੂਰ ਅਸਲੀਅਤ ਧਰਮ ਰਾਜ ਕੋਲ ਪੁਚਾਉਂਦੇ। ਜੇ ਕਿਤੇ ਧਰਮਰਾਜ ਹੁੰਦਾ ਤਾਂ ਚਿਤਰ ਗੁਪਤ ਦੀਆਂ ਝੂਠੀਆਂ ਰਿਪੋਟਾਂ ਦੀ ਕਦੀ ਪੜਤਾਲ ਕਰਵਾ ਕੇ, ਇਹਨਾਂ ਨੂੰ ਕਾਲ ਕੋਠੜੀ ਵਿਚ ਸੁੱਟ ਦਿੰਦਾ। ਮਹਿਕਮੇ ਵਿਚ ਸੁਧਾਰ ਕਰਦਾ।

ਭਾਰਤੀ ਰਾਜ ਨੇਤਾ ਚੰਗੀ ਤਰਾਂ ਜਾਣਦਾ ਹੈ ਕਿ ਚਿਤਰ ਗੁਪਤ ਕੋਈ ਨਹੀਂ ਹੈ। ਇਸੇ ਲਈ ਉਹ ਲਗਾਤਾਰ ਸਕੈਂਡਲ ਤੇ ਸਕੈਂਡਲ ਨਿਡਰ ਹੋ ਕੇ ਕਰੀ ਜਾ ਰਿਹਾ ਹੈ। ਭਾਰਤੀ ਪੁਜਾਰੀ ਟੋਲਾ ਸਾਧ ਸੰਤ ਚੰਗੀ ਤਰਾਂ ਜਾਣਦਾ ਹੈ, ਕਿ ਲੋਕਾਂ ਵਾਸਤੇ ਡਰਾਵਾ ਹੈ, ਵਰਨਾ ਚਿਤਰ ਗੁਪਤ ਜੇ ਕਿਤੇ ਹੁੰਦਾ ਤਾਂ ਇਹਨਾਂ ਅਖੌਤੀ ਧਰਮੀਆਂ ਨੂੰ ਭੀ ਕਦੀ ਨੱਥ ਪੈ ਜਾਂਦੀ। ਜੇ ਚਿਤਰ ਗੁਪਤ ਦੀ ਸਿਫਾਰਸ਼ ਨਾਲ ਧਰਮ ਰਾਜ ਨੇ

ਇਨਸਾਫ ਕਰਨਾ ਹੈ। ਫਿਰ ਭਾਰਤੀ ਪੁਲੀਸ ਅਦਾਲਤਾਂ ਜੇਹਲਾਂ ਤੇ ਕਿਉਂ ਖਰਬਾਂ ਰੁਪਿਆ ਬਰਬਾਦ ਕੀਤਾ ਜਾ ਰਿਹਾ ਹੈ? ਪਾਪੀਆਂ ਨੂੰ ਧਰਮ ਰਾਜ ਜੀ, ਆਪੇ ਬਣਦੀ ਸਜਾ ਦੇ ਦੇਣਗੇ। ਯੋਰਪੀਨ ਮੁਲਕਾਂ ਵਿਚ ਸਖਤੀ ਨਾਲ ਕਾਨੂੰਨ ਲਾਗੂ ਕਰਕੇ, ਭ੍ਰਿਸ਼ਟਾਚਾਰ ਤੇ 99 ਪ੍ਰਤੀਸ਼ਤ ਕਾਬੂ ਪਾ ਲਿਆ ਗਿਆ ਹੈ। ਚਿਤਰ ਗੁਪਤ ਦੇ ਸਹਾਰੇ ਉਹਨਾਂ ਨੇ ਨਹੀ ਛੱਡਿਆ, ਬੇਈਮਾਨਾ ਦਾ ਟੋਲਾ। ਅੱਜ ਬਹੁ ਗਿਣਤੀ ਪ੍ਰਬੰਧਕ, ਗੁਰੂ ਕੀਆਂ ਗੋਲਕਾਂ ਲੁੱਟ ਰਹੇ ਹਨ, ਦੁਰਵਰਤੋਂ ਕਰ ਰਹੇ ਹਨ, ਕਿੱਥੇ ਗਏ ਚਿਤਰ ਗੁਪਤ? ਕਿਥੇ ਹੈ ਧਰਮ ਰਾਜ?

**ਹਰਿ ਦਰੁ ਸੇਵੇ, ਅਲਖ ਅਭੇਵੇ, ਨਿਹਚਲੁ ਆਸਣੁ ਪਾਇਆ।।**
**ਤਹ ਜਨਮ, ਨ ਮਰਣੁ, ਨ ਆਵਣ ਜਾਣਾ, ਸੰਸਾ ਦੂਖ ਮਿਟਾਇਆ**
**ਚਿਤ੍ਰ ਗੁਪਤ ਕਾ ਕਾਗਦੁ ਫਾਰਿਆ, ਜਮਦੂਤਾਂ ਕਛੂ ਨ ਚਲੀ।।**
**ਨਾਨਕ ਸਿਖ ਦੇਇ ਮਨ ਪ੍ਰੀਤਮ, ਹਰਿ ਲਦੇ ਖੇਪ ਸਵੱਲੀ।।(79)**

ਹੇ ਭਾਈ * ਪ੍ਰਭੂ ਨੂੰ ਹਾਜਰ ਨਾਜਰ ਜਾਣ ਕੇ, ਸਵੱਛ ਜਿੰਦਗੀ ਜਿਉਣ ਵਾਲਾ ਇਨਸਾਨ, ਅਡੋਲ ਹੋ ਜਾਂਦਾ ਹੈ। ਉਹਨੂੰ ਪਤਾ ਹੈ ਕਿ ਮੈਂ ਪਾਪ ਕਰਮ ਕਰ ਹੀ ਨਹੀਂ ਰਿਹਾ ਡਰਾਂ ਕਿਉਂ? ਅਜਿਹਾ ਵਿਅਕਤੀ ਜਨਮ ਮਰਨ ਦੇ ਭੈ ਤੋਂ ਮੁਕਤ ਹੋ ਜਾਦਾ ਹੈ। ਸਾਰੇ ਤਰਾਂ ਦੇ ਡਰ, ਸੰਸੇ ਫਿਕਰ ਖਤਮ ਹੋ ਜਾਂਦੇ ਹਨ। ਚਿਤਰ ਗੁਪਤ ਉਸਨੂੰ ਡਰਾ ਨਹੀਂ ਸਕਦੇ। ਅਖੌਤੀ ਚਿਤਰ ਗੁਪਤ ਦਾ, ਨਿਡਰ ਇਨਸਾਨ ਕਾਗਜ ਪਾੜ ਦੇ ਣ ਦੀ ਹਿੰਮਤ ਕਰ ਲੈਂਦਾ ਹੈ। ਕਿਉਂਕਿ ਚਿਤਰ ਗੁਪਤ ਰਾਹੀਂ ਇਹ ਧਰਮੀ ਨਹੀਂ ਬਣਿਆ। ਬੇਈਮਾਨੀਆਂ ਤੋਂ ਨਹੀ ਟਲਿਆ, ਧਰਮ ਦੇ ਨਾਂ ਤੇ ਕਤਲੋ ਗਾਰਤ ਕਰਨੋਂ ਨਹੀਂ ਹਟਿਆ। ਇਹ ਪੱਖਪਾਤੀ ਚਿਤਰ ਗੁਪਤ ਹੈ। ਇਸਦੀ ਗਲਤ ਤਿਆਰ ਕੀਤੀ ਰਿਪੋਟ ਪਾੜ ਹੀ ਦੇਣੀ ਚਾਹੀਦੀ ਹੈ। ਜਮਦੂਤ ਆਪਣਾ ਸਾਰਾ ਤਾਣ ਲਾ ਲੈਣ, ਸਾਡਾ ਕੁਝ ਨਹੀਂ ਵਿਗਾੜ ਸਕਣਗੇ। ਸਾਨੂੰ ਸੱਚੇ ਸਤਿਗੁਰੂ ਜੀ ਨੇ ਚੰਗੇਰੀ ਮੱਤ ਦੇ ਕੇ, ਸੱਚ ਮਾਰਗ ਤੇ ਟੋਰ ਦਿਤਾ ਹੈ। ਸਾਡੀ ਜਿੰਦਗੀ ਸਾਦੀ ਅਤੇ ਸੌਖੀ ਹੋ ਗਈ ਹੈ।

**ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ।।**
**ਨੈਨੂ ਨਕਟੂ, ਸ੍ਰਵਨੂ ਰਸਪਤਿ, ਇੰਦ੍ਰੀ ਕਹਿਆ ਨਾ ਮਾਨਾ।।**
**ਬਾਬਾ ਅਬ ਨ ਬਸਉ ਇਹ ਗਾਉ।।**
**ਘਰੀ ਘਰੀ ਕਾ ਲੇਖਾ ਮਾਗੈ ਕਾਇਥ ਚੇਤੂ ਨਾਉ।। (1104)**



ਕਬੀਰ ਜੀ ਫੁਰਮਾਨ ਕਰਦੇ ਹਨ – ਹੇ ਭਾਈ * ਇਹ ਦੇਹੀ ਮਾਨੋ ਇੱਕ ਪਿੰਡ ਹੈ, ਇਸ ਪਿੰਡ ਦਾ ਮਾਲਕ ਚੌਧਰੀ ਮਨ ਹੈ। ਮਨ ਅਣਜਾਣ ਹੋਣ ਕਰਕੇ, ਹਿਸਾਬ ਠੀਕ ਨਹੀਂ ਰੱਖ ਸਕਿਆ। ਜਿਨਾਂ ਨੂੰ ਜਮੀਨ ਵਾਹੁਣ ਬੀਜਣ ਲਈ ਦਿੱਤੀ ਸੀ, ਸਾਰੀ ਖੇਤੀ ਦੀ ਉਪਜ ਲੈ ਕੇ ਉਹ ਕਿਸਾਨ ਨੱਸ ਗਏ ਹਨ। ਭਾਵ ਮਨ ਨੂੰ ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਆਪਣੇ ਪਿੱਛੇ ਲਾਈ ਫਿਰਦੇ ਹਨ। ਸਾਰੇ ਗੁਣ ਗਰਕ ਹੋ ਗਏ, ਔਗੁਣ ਵਧ ਗਏ। ਹੇ ਭਾਈ ਮੈਂ ਇਹਨਾਂ ਵਿਕਾਰਾਂ ਵਿਚ ਹੁਣ ਨਹੀਂ ਰਹਾਂਗਾ। ਇਹਨਾਂ ਤੋਂ ਉੱਪਰ ਉੱਠ ਜਾਵਾਂਗਾ। ਕਿਉਂਕਿ ਵਾਹਿਗੁਰੂ ਜੀ ਨੇ ਮੈਨੂੰ ਸੋਹਣਾ ਜੀਵਨ ਦਿੱਤਾ ਹੈ। ਉਸ ਵੱਲੋਂ ਦਿੱਤਾ ਗਿਆ ਇੱਕ ਇੱਕ ਪਲ ਬੜਾ ਕੀਮਤੀ ਹੈ। ਮੈਂ ਉਸਨੂੰ ਬੇਕਾਰ ਨਹੀਂ ਜਾਣ ਦੇਣਾ ਚਾਹੁੰਦਾ। ਇਹ ਹਿਸਾਬ ਰੱਖਣ ਵਾਲਾ ਚਿਤਰ ਗੁਪਤ (ਕਾਇਬ ਚੇਤੂ) ਮੈਥੋਂ ਲੇਖਾ ਨਹੀਂ ਮੰਗ ਸਕੇਗਾ।

**ਲੋਭਿ ਮੋਹਿ ਬਾਧੀ ਦੇਹ।। ਬਿਨੁ ਭਜਨ ਹੋਵਤ ਖੇਹ।।**
**ਜਮਦੂਤ ਮਹਾ ਭਇਆਨ।। ਚਿਤ ਗੁਪਤ ਕਰਮਹਿ ਜਾਨ।। (838)**

ਹੇ ਭਾਈ! ਇਹ ਸਰੀਰ ਲੋਭ ਮੋਹ ਆਦਿ ਵਿਕਾਰਾਂ ਵਿਚ ਬੰਨਿਆ ਹੋਇਆ ਹੈ। ਇਸ ਦੇ ਰਸਾ ਕਸਾਂ ਤੋਂ ਬਾਹਰ ਨਹੀਂ ਨਿਕਲ ਰਿਹਾ। ਰੱਬੀ ਯਾਦ ਅਤੇ ਗੁਰੂ ਦੀ ਉੱਤਮ ਸਿੱਖਿਆ ਤੋਂ ਬਿਨਾਂ, ਇਹ ਨਿਰੀ ਮਿੱਟੀ ਦੀ ਢੇਰੀ ਹੈ। ਜਮਦੂਤਾਂ ਦਾ ਡਰ ਬੜਾ ਭਿਆਨਕ ਸੁਣੀਦਾ ਹੈ। ਤੇਰੇ ਕੀਤੇ ਕੰਮ ਤੇਰੇ ਅੰਤਰ ਆਤਮੇ (ਚਿਤਰ – ਅਕਸ, ਫੋਟੋ, ਗੁਪਤ ਜੋ ਨਜ਼ਰ ਨਹੀਂ ਆਉਂਦੀ) ਚੰਗਾ ਮੰਦਾ ਸਭ ਕੁਝ ਲਿਖੀ ਜਾ ਰਹੇ ਹਨ। ਕਿਸੇ ਬਾਹਰਲੇ ਨੂੰ ਬੇਸ਼ੱਕ ਧੋਖਾ ਦੇ ਦੇਵੇਂ। ਅੰਦਰਲੇ ਸੱਚੇ ਤਖਤ ਤੇ ਬੈਠੇ ਰੱਬ ਨੂੰ ਕਿਵੇਂ ਧੋਖਾ ਦੇ ਸਕੇਂਗਾ? ਇਸ ਲਈ ਮੰਦੇ ਕੰਮ ਤਿਆਗ ਦੇਹ ਜ਼ਿੰਦਗੀ ਨੂੰ ਭਲੇ ਕੰਮਾਂ ਲਈ ਨਿਛਾਵਰ ਕਰ ਦੇਹ।

ਸੋ ਚਿਤਰ ਗੁਪਤ ਆਦਿਕ ਬਿਪਰ ਲਿਖਾਰੀਆਂ ਦੀ ਕਪੋਲ ਕਲਪਣਾ ਹੈ। ਨਿਰੰਕਾਰ ਜੀ ਨੇ ਆਪਣੇ ਕੋਈ ਦਫਤਰ ਨਹੀਂ ਖੋਹਲੇ ਹੋਏ। ਕਿਧਰੇ ਮੁਲਾਜ਼ਮਾਂ ਦੀਆਂ ਧਾੜਾਂ ਨਹੀਂ ਰੱਖੀਆਂ ਹੋਈਆਂ। ਉਸਦੇ ਬੱਝਵੇਂ ਨਿਰੰਤਰ ਹੁਕਮ ਵਿਚ ਸਾਰੀ ਕਾਰ ਹੋ ਰਹੀ ਹੈ।

**ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ।।**
**ਲੇਖਾ ਚਿਤਰ ਗੁਪਤ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ।। (668)**

ਹੇ ਭਾਈ ! ਪਰਮੇਸਰ ਦੇ ਪਿਆਰੇ ਸਦਾ ਹਰੀ ਨੂੰ ਮਨ ਤੇ ਬਚਨਾ ਕਰਕੇ ਮੰਨਦੇ ਹਨ। ਇਸ ਲਈ ਚਿਤਰ ਗੁਪਤ ਦੇ ਲੇਖੇ ਉਹਨਾਂ ਦੇ ਪਾੜ ਦਿਤੇ। ਜੋ ਹਿਸਾਬ ਲਿਖਦੇ ਸਨ, ਸਭ ਘਾਟੇ ਵਾਧੇ, ਹਰੀ ਪਿਆਰ ਵਾਲਿਆਂ ਦੇ, ਮੁੱਕ ਗਏ ਹਨ। ਸਾਰੀ ਕਾਇਨਾਤ ਉਸ ਵਾਹਿਗੁਰੂ ਜੀ ਦੇ ਬਣਾਏ ਹੁਕਮ (ਅਸੂਲ) ਵਿਚ ਚਲ ਰਹੀ ਹੈ। ਪੜੋ ਇਹ ਸ਼ਬਦ –

**ਕੋਟਿ ਦੇਵੀ ਜਾ ਕਉ ਸੇਵਹਿ, ਲਖਿਮੀ ਅਨਿਕ ਭਾਂਤਿ।।**
**ਗੁਪਤ ਪ੍ਰਗਟ ਜਾ ਕਉ ਆਰਾਧਹਿ ਪਉਣ ਪਾਣੀ ਦਿਨਸੁ ਰਾਤਿ।।**
**ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।।**
**ਸਗਲ ਖਾਣੀ, ਸਗਲ ਬਾਣੀ, ਸਦਾ ਸਦਾ ਧਿਆਵਏ।। (456)**

ਹੇ ਭਾਈ ! ਕਰੋੜਾਂ ਦੇਵੀ ਦੇਵਤੇ ਲੱਛਮੀਆਂ ਅਨੇਕ ਤਰੀਕੇ ਉਸ ਦੇ ਹੁਕਮ ਅੱਗੇ ਸੀਸ ਝੁਕਾਉਂਦੇ ਹਨ। ਪਤਾ ਨਹੀਂ ਕਿੰਨੀਆਂ ਦਿੱਸਦੀਆਂ ਅਣਦਿੱਸਦੀਆਂ ਤਾਕਤਾਂ, ਹਵਾ ਪਾਣੀ ਦਿਨ ਰਾਤ ਉਸੇ ਦੀ ਸੇਵਾ ਵਿਚ ਕੰਮ ਕਰਦੇ ਹਨ। ਆਕਾਸ਼ ਵਿਚਲੇ ਨਛੱਤਰ ਚੰਦ ਸੂਰਜ ਧਰਤੀ ਤੇ ਸਾਰਾ ਬ੍ਰਹਿਮੰਡ ਉਸੇ ਦੇ ਬੱਝੇ ਨਿਅਮ ਵਿਚ ਚੱਲ ਰਿਹਾ ਹੈ। ਸਾਰੇ ਤਰ੍ਹਾਂ ਦੇ ਜੀਵ, ਵੇਲ ਬੂਟੇ, ਉਸ ਬੱਝਵੇਂ ਹੁਕਮ ਵਿਚ ਚੱਲ ਰਹੇ ਹਨ। ਇਹਨਾਂ ਨੂੰ ਕਿਸੇ ਚਿਤਰ ਗੁਪਤ ਦੀ ਕੋਈ ਜ਼ਰੂਰਤ ਨਹੀਂ ਹੈ।

***ਜਮਦੂਤ*** – ਸਾਡੇ ਧਾਰਮਿਕ ਪ੍ਰਚਾਰਕਾਂ ਡੇਰੇਦਾਰਾਂ ਨੇ ਜਮਦੂਤ ਬੜਾ ਭਿਆਨਕ, ਬੇਰਹਿਮ ਵਾਲ੍ਹਾਂ ਤੋਂ ਫੜ੍ਹ ਕੇ ਘਸੀਟਣ ਵਾਲਾ ਬਿਆਨ ਕੀਤਾ ਹੋਇਆ ਹੈ। ਲਿਖਾਰੀਆਂ ਨੇ ਆਪਣੀ ਅਕਲ ਦੇ ਖੂਬ ਘੋੜੇ ਦੌੜਾਏ ਹਨ। ਅਫਸੋਸ ਕਿ ਭਾਈ ਕਾਨ੍ਹ ਸਿੰਘ ਨਾਭਾ ਵੱਲੋਂ ਲਿਖਿਆ ਵੱਡ ਆਕਾਰੀ ਵਿਦਵਤਾ ਭਰਪੂਰ ਗ੍ਰੰਥ ਮਹਾਨ ਕੋਸ਼ ਵਿੱਚ ਜਮਦੂਤਾਂ ਦਾ ਅੱਧੀ ਪੰਕਤੀ ਵਿਚ ਹੀ ਜਿਕਰ ਕੀਤਾ ਹੈ। ਹਿੰਦੂ ਮਥਿਹਾਸ ਕੋਸ਼ ਵਾਰ-ਵਾਰ ਪੜਿਆ। ਉਸ ਵਿੱਚ ਜਮਦੂਤ ਦਾ ਜਿਕਰ ਤੱਕ ਨਹੀਂ ਮਿਲਦਾ। ਹਾਂ ਆਮ ਲੋਕਾਂ ਵਿੱਚ ਰੱਬ ਦੇ ਦੂਤ, ਮੌਤ ਦੇ ਦੂਤ, ਆਦਿ ਪ੍ਰਚਲਿੱਤ ਸੀ। ਮੌਤ ਬੜੀ ਡਰਾਉਣੀ ਹੈ, ਉਸ ਡਰ ਨੂੰ ਹੋਰ ਵਧਾਉਣ ਲਈ ਇਸ ਨਾਲ ਹੋਰ ਬਹੁਤ ਕੁਝ ਜੁੜਦਾ ਚਲਾ ਗਿਆ। ਸ਼ਕਲ ਭਿਆਨਕ ਬਣ ਗਈ ਸਿਰ ਤੇ ਸਿੰਗ ਵੱਡੇ ਵੱਡੇ ਤਿੱਖੇ ਦੰਦ ਬਾਹਰ ਨਿਕਲੇ ਹੋਏ ਕਾਲਾ ਨੰਗਾ ਧੜ, ਹੱਥਾਂ ਵਿੱਚ ਤਿੱਖੇ ਹਥਿਆਰ ਫੜੇ ਹੋਏ। ਇਹ ਵਿਗੜੇ ਮਨੁੱਖ ਦਾ ਹੀ ਕਾਲਪਨਿਕ ਚਿੱਤਰ ਹੈ। ਉਪਰ ਕਿਸੇ ਥਾਂ ਅਜਿਹੇ ਜਮਦੂਤ ਨਹੀਂ ਹਨ। ਜਿਵੇਂ ਹਿੰਦੂ ਸਾਧਾਂ, ਬ੍ਰਾਹਮਣਾਂ ਨੇ ਹੋਰ ਬੇਅੰਤ ਮਨੋਕਲਪਿਤ ਕਹਾਣੀਆਂ



ਘੜ ਕੇ ਲੋਕਾਂ ਵਿਚ ਦਹਿਸ਼ਤ ਪਾਈ ਹੋਈ ਹੈ। ਇਸੇ ਤਰ੍ਹਾਂ ਖੌਫਜਦਾ ਕਰਨ ਲਈ ਇਹ ਭੀ ਜਮਦੂਤ ਰੂਪੀ ਬਲਾ ਆਮ ਬੰਦੇ ਦੇ ਸਿਰ ਤੇ ਬਿਠਾ ਦਿੱਤੀ। ਅਸਲ ਵਿੱਚ ਮੌਤ ਹੀ ਖੁਦ ਜਮਦੂਤ ਹੈ ਹੋਰ ਕੋਈ ਵੱਖਰਾ ਜਮਦੂਤ ਨਹੀਂ ਹੈ। ਗੁਰਬਾਣੀ ਵਿਚ ਪ੍ਰਚਲਿੱਤ ਲੋਕ ਮੁਹਾਵਰੇ ਦੀ ਵਰਤੋਂ ਕਰਦਿਆਂ ਜਮਦੂਤ ਸ਼ਬਦ ਆਇਆ ਹੈ। ਨਾਲ ਹੀ ਗੱਲ ਨੂੰ ਸਪਸ਼ਟ ਕਰਦਿਆਂ ਸਤਿਗੁਰੂ ਜੀ ਨੇ ਜਮਦੂਤ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

1. ਮਹਾਨ ਕੋਸ਼ ਦੇ ਪੰਨਾ 506-7 ਤੇ ਜਮ ਬਾਰੇ ਕੇਵਲ ਇਹ ਦਰਜ਼ ਹੈ – ''ਕਾਲ, ਪ੍ਰਾਣ ਕੱਢਣ ਵਾਲਾ ਦੇਵਤਾ''।
2. ਹਿੰਦੂਆਂ ਵਿੱਚ ਰੀਤ ਹੈ ਭਾਈ ਦੂਜ ਦੀ ਥਿਤ ਨੂੰ ਜਮ ਅਤੇ ਚਿਤਰ ਗੁਪਤ ਦਾ ਪੂਜਨ ਕੀਤਾ ਜਾਂਦਾ ਹੈ। ਕੰਨਿਆਂ ਵਰਤ ਰੱਖਦੀ ਹੈ। ਆਪਣੇ ਭਰਾ ਦੇ ਮੱਥੇ ਟਿੱਕਾ ਲਾਉਂਦੀ ਹੈ। ਚਿੱਤਰ ਗੁਪਤ ਨੂੰ ਆਪਣਾ ਵਡੇਰਾ ਮੰਨਣਾ ਵਾਲੇ ਕਾਇਸਬ ਇਸ ਦਿਨ ਵੱਡਾ ਪੁਰਬ ਮੰਨਦੇ ਹਨ। ਇਸ ਦਿਨ ਕਲਮ ਦਵਾਤ ਆਪਸ ਵਿੱਚ ਵੰਡਦੇ ਹਨ। (911 ਮਹਾਨ ਕੋਸ਼)
3. ਉਹ ਅਨਾੜੀ ਹਕੀਮ ਤੇ ਡਾਕਟਰ ਜੋ ਮਨੁੱਖ ਦੇ ਭੇਸ ਵਿੱਚ ਜਮਦੂਤਾਂ ਦਾ ਕੰਮ ਕਰਦੇ ਹਨ। (1007-ਮ:ਕੋ:)
4. ਜੋਤਿਸ਼ ਗ੍ਰੰਥਾਂ ਵਿੱਚ ਲਿਖਿਆ ਹੈ ਕਿ ਯਮਦੂਜ ਨੂੰ ਯਾਤਰਾ ਕਰਨ ਵਾਲਾ ਮਰ ਜਾਂਦਾ ਹੈ। ਇਸ ਦਿਨ ਵਿੱਦਿਆ ਪੜ੍ਹਨੀ ਅਤੇ ਪੜ੍ਹਾਉਣੀ ਵੀ ਵਰਜਿਤ ਹੈ। (1007-ਮ:ਕੋ:)

ਪਾਠਕ ਜਨ ਵੇਖ ਸਕਦੇ ਹਨ ਕਿ ਬਹੁਤ ਯਤਨ ਕਰਨ ਦੇ ਬਾਵਜੂਦ ਭੀ ਜਮਦੂਤ ਜੀ ਦਾ ਖੁਰਾ ਨਹੀਂ ਲੱਭਦਾ। ਸਾਡੇ ਲੇਖਕਾਂ ਤੇ ਪ੍ਰਚਾਰਕਾਂ ਦੀ ਮਿਹਰਬਾਨੀ ਸਦਕਾਂ ਇਸ ਨੂੰ ਸਾਡੇ ਸਾਹਮਣੇ ਬੜੀ ਭਿਆਨਕ ਹਸਤੀ ਦੇ ਰੂਪ ਵਿੱਚ ਮੂਰਤੀਮਾਨ ਕਰ ਦਿੱਤਾ ਹੈ। ਵਿਸਥਾਰ ਵਿੱਚ ਨਾ ਜਾਂਦੇ ਹੋਏ ਜਮਦੂਤ ਬਾਰੇ ਗੁਰਬਾਣੀ ਵਿਚੋਂ ਸਪਸ਼ਟ ਸੇਧ ਪ੍ਰਾਪਤ ਕਰੀਏ। ਪੜ੍ਹੋ :-

**ਰਾਮ ਨਾਮਿ ਮਨੁ ਲਾਗਾ।। ਜਮੁ ਲਜਾਇ ਕਰਿ ਭਾਗਾ।। (626)**

ਹੇ ਭਾਈ! ਜਿਸ ਵਿਅਕਤੀ ਦਾ ਮਨ ਪਰਮੇਸ਼ਰ ਵਿਚ ਜੁੜ ਗਿਆ ਉਸ ਨੂੰ ਤਾਂ ਦੇਖਦਿਆਂ ਹੀ ਜਮਦੂਤ (ਜੇ ਫਰਜ ਕਰ ਲਈਏ) ਸ਼ਰਮ ਦਾ ਮਾਰਾ ਨੱਸ ਗਿਆ।

**ਹਰਿ ਜੀਉ ਕੀ ਹੈ ਸਭ ਸਿਰਕਾਰਾ।।**

**ਏਹੁ ਜਮ ਕਿਆ ਕਰੇ ਵਿਚਾਰਾ।। (1054)**

ਹੇ ਭਾਈ! ਹਰ ਥਾਂ ਵਾਹਿਗੁਰੂ ਦੀ ਸਰਕਾਰ ਹੈ ਭਾਵ ਉਸਦੇ ਆਪਣੇ ਬਣਾਏ ਨਿਯਮ ਹਨ, ਫਿਰ ਇਹ ਵਿਚਾਰਾ ਜਮ ਕੀ ਵਿਗਾੜ ਸਕਦਾ ਹੈ? ਕਿਉਂ ਇਸ ਤੋਂ ਡਰਦੇ ਹੋ?

**ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ।।**

**ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ।। (620)**

ਹੇ ਭਾਈ! ਸਤਿਗੁਰੂ ਜੀ ਨੇ ਸੰਸਾਰ ਦੀ ਤਪਸ਼ (ਪਰੇਸ਼ਾਨੀਆਂ) ਮਿਟਾ ਦਿੱਤੀ ਹੈ। ਸਾਰੇ ਪਾਸੇ ਸੁੱਖ ਸ਼ਾਂਤੀ ਵਾਲੀ ਠੰਢ ਵਰਤ ਗਈ ਹੈ। ਜਮਦੂਤਾਂ ਨੂੰ ਹਟਕ ਕੇ (ਝਿੜਕ ਦੇ ਕੇ) ਪਾਸੇ ਬਿਠਾ ਦਿੱਤਾ ਹੈ।

**ਸਤਿਗੁਰੂ ਆਗੈ ਅਰਦਾਸਿ ਕਰਿ ਸਾਜਨ ਦੇਇ ਮਿਲਾਇ।।**

**ਸਾਜਨਿ ਮਿਲਿਐ ਸੁਖੁ ਪਾਇਆ। ਜਮਦੂਤ ਮੁਏ ਬਿਖੁ ਖਾਇ।। (55)**

ਹੇ ਭਾਈ! ਸਤਿਗੁਰੂ ਅੱਗੇ ਬੇਨਤੀ ਕਰ ਕਿ ਤੈਨੂੰ ਨਿਰੰਕਾਰ ਦੇ ਚਰਨਾਂ ਨਾਲ ਜੋੜ ਦੇਵੇ। ਜਦੋਂ ਪ੍ਰਭੂ ਦੇ ਨਿਯਮ ਦੀ ਪਛਾਣ ਹੋ ਗਈ, ਤੂੰ ਹਰ ਹਾਲਤ ਵਿੱਚ ਸੁਖੀ ਰਹੇਂਗਾ। ਜਮਦੂਤਾਂ ਦਾ ਡਰ ਮੁੱਕ ਜਾਵੇਗਾ। ਤੈਨੂੰ ਅਸਲੀਅਤ ਸਮਝ ਆ ਜਾਵੇਗੀ ਕਿ ਅਸਲ ਵਿੱਚ ਇਹ ਹੈ ਹੀ ਨਹੀਂ ਸਨ। ਹੁਣ ਚੰਗੀ ਤਰ੍ਹਾਂ ਜਾਣ ਲੈ ਕਿ ਜਮਦੂਤਾਂ ਨੇ ਜ਼ਹਿਰ ਖਾ ਕੇ ਆਤਮ ਹੱਤਿਆ ਕਰ ਲਈ ਹੈ। ਖਤਮ ਹੋ ਗਏ ਹਨ ਬਣਾਵਟੀ ਜਮਦੂਤ।

**ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ।। (1029)**

ਹੇ ਭਾਈ ! ਜਮਾ ਦੇ ਭੈ ਰੂਪ ਬੰਧਨ ਸਤਿਗੁਰੂ ਤੋੜ ਦਿੰਦਾ ਹੈ। ਗੁਰੂ ਦੀ ਮੱਤ ਲੈਣ ਵਾਲਿਆਂ ਨੂੰ ਜਿੰਦਗੀ ਦੀ ਅਸਲੀਅਤ ਸਮਝ ਆ ਜਾਂਦੀ ਹੈ। ਇਹਨਾਂ ਜਮਾਂ ਤੋਂ ਡਰ ਲੱਗਣੋ ਹਟ ਜਾਂਦਾ ਹੈ।

**ਅਫਰਿਓ ਜਮੁ ਮਾਰਿਆ ਨ ਜਾਈ।। ਗੁਰ ਕੈ ਸਬਦੇ ਨੇੜਿ ਨ ਆਈ।।**

**ਸਬਦੁ ਸੁਣੇ ਤਾ ਦੂਰਹੁ ਭਾਗੈ, ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ।। (1054)**

ਹੇ ਭਾਈ ! ਜਮਾਂ ਦਾ ਦਹਿਲ ਬਹੁਤ ਜਿਆਦਾ ਭਾਰੂ ਹੈ, ਇਸ ਨੂੰ ਮਾਰਨਾ ਸੌਖਾ ਨਹੀਂ ਹੈ। ਇਹ ਜਮਾ ਦੇ ਭੈ ਗੁਰੂ ਦੀ ਪਾਵਨ ਆਵਾਜ ਸੁਣਕੇ ਨੱਸ ਜਾਂਦੇ ਹਨ। ਇਹਨਾਂ ਨੂੰ ਪਤਾ ਹੈ ਕਿ ਗੁਰਸਿੱਖਾਂ ਦੇ ਨੇੜੇ ਜਾਵਾਂਗੇ ਤਾਂ ਮਾਰ ਬੜੀ ਪਵੇਗੀ।



**ਜਿਨ ਜਮ ਕੀਤਾ ਸੋ ਸੇਵੀਐ ਗੁਰਮੁਖਿ ਦੂਖੁ ਨ ਹੋਇ।।**

**ਨਾਨਕ ਗੁਰਮੁਖਿ ਜਮੁ ਸੇਵਾ ਕਰੇ, ਜਿਨ ਮਨਿ ਸਚਾ ਸੋਇ।। (588)**

ਹੇ ਭਾਈ ਗੁਰਸਿੱਖੋ! ਜੋ ਪਰਮੇਸ਼ਰ ਜਮਾਂ ਤੋਂ ਭੀ ਉੱਪਰ ਹੈ, ਉਸ ਦੀ ਆਰਾਧਨਾ ਕਰੋ। ਗੁਰੂ ਦੀ ਮਤ ਲਉਗੇ ਤਾਂ ਕਦੀ ਦੁਖੀ ਨਹੀਂ ਹਵੋਗੇ। ਜਮਦੂਤ ਗੁਰਮੁਖਾਂ ਦੀ ਸੇਵਾ ਵਿਚ ਹਾਜਰ ਹੋ ਜਾਂਦਾ ਹੈ। ਉਹ ਵਿਗਾੜ ਕੁਝ ਨਹੀਂ ਸਕਦਾ ਕਿਉਂਕਿ ਹਰੀ ਪਰਮੇਸਰ ਹਿਰਦੇ ਵਿਚ ਵਸਦਾ ਹੈ।

ਜਮਦੂਤਾਂ ਦੀ ਆਪਣੀ ਕੋਈ ਹਸਤੀ ਨਹੀਂ ਹੈ, ਕੇਵਲ ਮੌਤ ਦਾ ਪ੍ਰਤੀਕ ਹੀ ਜਮ ਹੈ। ਜਾਂ ਇਉਂ ਕਹਿ ਲਵੋ ਕਿ ਮੌਤ ਦਾ ਨਾਮ ਹੀ ਜਮਦੂਤ ਹੈ, ਹੋਰ ਵੱਖਰਾ ਕੋਈ ਜਮਦੂਤ ਨਹੀਂ ਹੈ। ਨਾ ਸਮਝੀ ਕਾਰਨ ਸਿੱਖ ਸ਼ਕਲਾਂ ਵਾਲੇ ਗੁਰਬਾਣੀ ਦੀਆਂ ਆਧੂਰੀਆਂ ਪੰਕਤੀਆਂ ਲੈ ਕੇ, ਪਹਿਲਾਂ ਤੋਂ ਬਣੇ ਬ੍ਰਾਹਮਣੀ ਵਿਚਾਰਾਂ ਕਾਰਨ ਜਮਦੂਤਾਂ ਦੀ ਹਮਾਇਤ ਕਰੀ ਜਾ ਰਹੇ ਹਨ। ਜਦੋਂ ਕਿ ਨਾ ਤਾਂ ਵਿਗਿਆਨਕ ਨਜਰੀਏ ਤੋਂ ਇਹਨਾਂ ਦੀ ਕੋਈ ਹੋਂਦ ਹੈ। ਨਾਂ ਜਮਦੂਤਾਂ ਨੂੰ ਗੁਰਬਾਣੀ ਮੰਨਦੀ ਹੈ। ਲੋੜ ਹੈ ਗੁਰਬਾਣੀ ਨੂੰ ਸਮਝ ਕੇ ਵਿਚਾਰਨ ਦੀ। ਪੁਰਾਣੇ ਸਮੇਂ ਤੋਂ ਮਨਾਂ ਅੰਦਰ ਟਿਕੇ ਹੋਏ ਡਰ ਭੈ ਕੱਢਣ ਦੀ।

***ਧਰਮਰਾਜ ਜਾਂ ਯਮਰਾਜ :–*** ਮੌਤ ਦਾ ਦੇਵਤਾ (ਉਂਞ ਸ਼ਿਵ ਨੂੰ ਭੀ ਮੌਤ ਦਾ ਦੇਵਤਾ ਮੰਨਦੇ ਹਨ) ਇਹ ਸੂਰਜ ਦਾ ਪੁੱਤਰ ਹੈ। ਸਭ ਤੋਂ ਪਹਿਲਾਂ ਯਮਰਾਜ ਦੀ ਮ੍ਰਿਤੂ ਹੋਈ, ਤੇ ਸਵਰਗ ਵਿਚ ਚਲਾ ਗਿਆ। ਇਸੇ ਨੇ ਸਵਰਗ ਦਾ ਰਾਹ ਲੱਭਿਆ ਸੀ। ਇਸ ਦੀਆਂ ਚਾਰ ਅੱਖਾਂ ਹਨ। ਚੌੜੀਆਂ ਨਾਸਾਂ (ਨੱਕ) ਹਨ। ਦੋ ਭੁੱਖੜ ਕੁੱਤੇ ਹਨ ਜੋ ਮ੍ਰਿਤਕ ਨੂੰ ਤੇਜ ਦੌੜਨ ਲਈ ਮਜਬੂਰ ਕਰਦੇ ਹਨ। ਇਹ ਯੁਧਿਸ਼ਟਰ ਦਾ ਪਿਤਾ ਸੀ। ਚਿੱਤਰ ਗੁਪਤ ਇਸ ਦਾ ਹਿਸਾਬ ਕਰਨ ਵਾਲਾ ਮੁਨੀਮ ਹੈ। ਚੰਗੇ ਕੰਮ ਕਰਨ ਵਾਲਿਆਂ ਨੂੰ ਉਹ ਪਿਤਰ ਲੋਕ ਵਿਚ ਭੇਜ ਦਿੰਦਾ ਹੈ। ਭੈੜਿਆਂ ਨੂੰ ਹੇਠਾਂ, ਇੱਕੀ ਨਰਕਾਂ ਵਿਚੋਂ, ਕਿਸੇ ਇੱਕ ਵਿਚ ਭੇਜ ਦਿੰਦਾ ਹੈ। ਜਾਂ ਧਰਤੀ ਪਰ ਜਨਮ ਲੈਣ ਲਈ ਭੇਜ ਦਿੰਦਾ ਹੈ। ਧਰਮਰਾਜ ਹਰੇ ਰੰਗ ਦਾ ਹੈ ਤੇ ਲਾਲ ਕੱਪੜੇ ਪਹਿਨਦਾ ਹੈ। ਇਹ ਝੋਟੇ ਦੀ ਸਵਾਰੀ ਕਰਦਾ ਹੈ। ਅਪ੍ਰਾਧੀਆਂ ਨੂੰ ਕਾਬੂ ਕਰਨ ਲਈ, ਇਸ ਕੋਲ ਇਕ ਭੱਲਾ ਜਾਂ ਬਰਛਾ ਹੁੰਦਾ ਹੈ। ਪਿਤਾ ਦੀ ਇੱਕ ਦਾਸੀ ਛਾਇਆ ਦੇ ਲੱਤ ਮਾਰਨ ਕਰਕੇ ਪਿਤਾ ਸੂਰਜ ਨੇ ਸਰਾਪ ਦੇ ਦਿੱਤਾ। ਇਹ ਪਾਪ ਕਰਨ ਕਰਕੇ ਇਸ ਦੇ ਇੱਕ ਪੈਰ

ਵਿਚ ਕੀੜੇ ਪੈ ਗਏ ਸਨ। ਧਰਮ ਰਾਜ ਦੇ ਪਿਤਾ ਨੇ ਇੱਕ ਕੁੱਕੜ ਲਿਆ ਕੇ ਦਿੱਤਾ। ਕੁੱਕੜ ਨੇ ਕੀੜੇ ਖਾ ਲਏ, ਤੇ ਤੰਦਰੁਸਤ ਹੋ ਗਿਆ। ਮਹਾਂ ਚੰਦ ਤੇ ਕਾਲ ਪੁਰਸ਼ ਇਸ ਦੇ ਦੁਆਰ ਪਾਲ ਹਨ। (ਹਿੰਦੂ ਮਿਥਿਹਾਸ ਕੋਸ਼ 442)

2. ਧਰਮਰਾਜ ਤੇ ਯਮ ਰਾਜ ਅਸਲ ਵਿਚ ਇੱਕੋ ਹੈ। ਸੰਸਕ੍ਰਿਤ ਗ੍ਰੰਥਾਂ ਮੁਤਾਬਕ ਇਸ ਦਾ ਜਨਮ ਸੰਗਿਆ ਦੇ ਗਰਭ ਤੋਂ, ਸੂਰਜ ਦੁਆਰਾ ਲਿਖਿਆ ਹੈ। ਯਮ ਤੇ ਯਮੀ ਜੋੜੇ ਭੈਣ ਭਰਾ ਸਨ। ਧਰਮ ਰਾਜ ਦੀ ਪੁਰੀ ਦਾ ਨਾਮ ਸੰਯਮਨੀ ਹੈ। ਉਸਦੇ ਮਹਿਲ ਦਾ ਨਾਮ ਕਾਲੀਚੀ ਹੈ। ਉਸਦੇ ਸਿੰਘਾਸਣ ਦਾ ਨਾਮ ਵਿਹਾਰ ਭੁ ਹੈ। ਇਸਦੇ ਹਿਸਾਬ ਵਾਲੇ ਵੱਡੇ ਰਜਿਸਟਰ ਦਾ ਨਾਮ ਅਗਰ ਸੰਧਾਨੀ ਹੈ। ਸ਼ਰਮੇਯ ਨਾਮ ਵਾਲੇ ਇਸ ਕੋਲ ਦੋ ਕੁੱਤੇ ਹਨ, ਜਿਨਾਂ ਦੀਆਂ ਚਾਰ ਚਾਰ ਅੱਖਾਂ ਹਨ। ਜੋ ਇਸ ਦੀ ਰਾਖੀ ਕਰਦੇ ਹਨ ਤੇ ਮ੍ਰਿਤਕ ਨੂੰ ਤੇਜ ਦੌੜਨ ਲਈ ਮਜਬੂਰ ਕਦੇ ਹਨ। (ਮ: ਕੋਸ਼ - ਪੰਨਾ - 663)

***ਵਿਚਾਰ:-*** ਧਰਮ ਰਾਜ ਜੀਵਾਂ ਦੇ ਕੀਤੇ ਕੰਮਾਂ ਮੁਤਾਬਕ ਫੈਸਲੇ ਕਰਨ ਵਾਲਾ ਮੰਨਿਆ ਗਿਆ ਹੈ। ਉਪਰ ਆਕਾਸ਼ ਵਿਚ ਕਿਤੇ ਅਜਿਹੇ ਥਾਂ, ਮਹਿਲ ਜਾਂ ਨਗਰੀ ਨਹੀਂ ਹੈ, ਜਿਥੇ ਇਹ ਧਰਮ ਰਾਜ ਕਚਹਿਰੀ ਲਾਕੇ ਬੈਠਦਾ ਹੋਵੇ। ਨਿਰੰਕਾਰ ਦਾ ਇਹ ਸ਼ਰੀਕ ਪੈਦਾ ਕੀਤਾ ਗਿਆ ਹੈ। ਕਿੱਡੀ ਅਜੀਬ ਤੇ ਹਾਸੋਹੀਣੀ ਕਿਸੇ ਤਰਕ ਤੋਂ ਰਹਿਤ ਗਲ ਹੈ ਕਿ ਇਹ ''ਸੂਰਜ ਦਾ ਪੁੱਤਰ ਹੈ''। ਕੀ ਇਹ ਸੰਭਵ ਹੈ ਕਿ ਸੂਰਜ ਮਨੁੱਖੀ ਸਰੀਰ ਧਾਰ ਕੇ ਆਵੇ ਅਤੇ ਕਿਸੇ ਔਰਤ ਨਾਲ ਸੰਜੋਗ ਕਰੇ? ਕਈ ਕਰੋੜ ਕਿਲੋਮੀਟਰ ਦੀ ਦੂਰੀ ਤੋਂ ਸੂਰਜ ਦੀ ਤਪਸ ਸਹਿਣੀ ਔਖੀ ਹੁੰਦੀ ਹੈ। ਕਿਸੇ ਪਾਖੰਡੀ ਫਰੇਬੀ ਤੇ ਝੂਠੇ ਲਿਖਾਰੀ ਦੀ ਲਿਖਤ ਕਹਿ ਰਹੀ ਹੈ ਕਿ ਸੂਰਜ ਨੇ ਸੰਗਿਆ ਨਾਮੀ ਔਰਤ ਨਾਲ ਸੰਜੋਗ ਕੀਤਾ ਤਾਂ ਧਰਮਰਾਜ ਦਾ ਜਨਮ ਹੋਇਆ। ਗੱਲ ਇੱਥੇ ਹੀ ਮੁੱਕ ਨਹੀਂ ਗਈ। ਧਰਤੀ ਉੱਤੇ ਆ ਕੇ ਇਸਨੇ ਕੀ ਕੀਤਾ? ਇਸ ਦੀ ਲਿਖਤ ਉਪਦੇਸ਼ ਕੋਈ ਹੋਵੇ, ਜੀ ਨਹੀਂ ਕੁਝ ਨਹੀਂ ਮਿਲੇਗਾ। **ਧਰਤੀ ਤੇ ਮਰਨ ਵਾਲਿਆਂ ਵਿਚੋਂ ਮੌਤ ਭੀ ਧਰਮ ਰਾਜ ਦੀ ਸਭ ਤੋਂ ਪਹਿਲਾਂ ਹੋਈ।** ਸਵਰਗ ਨਰਕ ਦਾ ਰਾਹ ਭੀ ਇਸੇ ਨੇ ਲੱਭ ਕੇ ਦਿੱਤਾ। ਵਾਹ ਜੀ ਵਾਹ ! ਬਿਪਰ ਲਿਖਾਰੀ ਜੀ, ਤੁਸੀਂ ਕਮਾਲ ਕਰ ਵਿਖਾਈ। ਇਸ ਦਾ ਮਤਲਬ ਕਿ ਸੁਰਗ ਨਰਕ ਧਰਮ ਰਾਜ ਦੇ ਜੰਮਣ ਤੋਂ ਪਹਿਲਾਂ ਹੀ ਬਣਾ ਸੰਵਾਰ ਸਜਾ ਕੇ ਤਿਆਰ ਕੀਤੇ ਹੋਏ ਸਨ। ਰਸਤਾ ਧਰਮ ਰਾਜ ਨੇ ਲੱਭ



ਲਿਆ ਤੇ ਆਪਣਾ ਦਫਤਰ ਭੀ ਲੱਭ ਲਿਆ, ਆਪਣੀ ਪੁਰੀ ਭੀ ਲੱਭ ਲਈ ਤੇ ਆਪੇ ਹੀ ਬੈਠ ਗਿਆ ਜੰਮਕੇ ਫੈਸਲੇ ਕਰਨ। ਇਸਦੀ ਸ਼ਕਲ ਬੜੀ ਭਿਆਨਕ ਹੈ। ਇੱਕ ਵਾਰੀ ਤਾਂ ਇਸਦੀ ਭਾਵੇਂ ''ਮੌਤ'' ਹੋ ਗਈ ਪਰ ਹੁਣ ਦੁਬਾਰਾ ਕਦੀ ਮਰੇਗਾ ਹੀ ਨਹੀਂ?

ਪਾਠਕ ਵੀਰੋ ਭੈਣੋਂ ! ਇਹ ਧਰਮਰਾਜ ਉੱਪਰ ਹੋਰ ਕਿਤੇ ਨਹੀਂ ਬੈਠਾ, ਇਸੇ ਧਰਤੀ ਤੇ ਲਗਪਗ ਪੰਜ ਹਜਾਰ ਸਾਲ ਤੋਂ ਤਖਤ ਤੇ ਬੈਠਾ, ਜੰਤਾ ਜਨਾਰਦਨ ਦੀ ਜਿੰਦਗੀ ਦੇ ਫੈਸਲੇ ਕਰਦਾ ਆ ਰਿਹਾ ਹੈ। ਇਹ ਫੈਸਲੇ ਹਮੇਸ਼ਾਂ ਪੱਖਪਾਤੀ ਅਤੇ ਬੇਈਮਾਨੀ ਵਾਲੇ ਹੁੰਦੇ ਹਨ। ਇਹ ਕੋਈ ਹੋਰ ਨਹੀਂ ਅਸਲ ਵਿਚ **''ਬ੍ਰਾਹਮਣ ਖੁਦ ਹੀ ਧਰਮਰਾਜ'' ਹੈ ਤੇ ਖੁਦ ਹੀ ''ਯਮਰਾਜ''** ਹੈ। ਭਾਰਤ ਦੇ ਕਰੋੜਾਂ ਲੋਕਾਂ ਦਾ ''ਭਾਗ ਵਿਧਾਤਾ'' ਬਣਿਆ ਬੈਠਾ ਹੈ। ਹੈ ਕਿਸੇ ਦੀ ਮਜਾਲ ਕਿ ਇਸ ਦੇ ਬਣਾਏ ''ਧਰਮ'' ਦੀ ਪਾਲਣਾ ਨਾਂ ਕਰੇ? ਜਿਸਨੂੰ ਚਾਹੇ ਇਨਸਾਨ ਤੋਂ ਬਾਂਦਰ (ਹਨੂੰਮਾਨ) ਬਣਾ ਦੇਵੇ। ਜਿਸਨੂੰ ਚਾਹੇ ਮਾਸ ਖੋਰਾ ਪੰਛੀ ਗਿਰਝ (ਜਟਾਯੂ) ਬਣਾ ਧਰੇ। ਜੇ ਜੀ ਕਰੇ ਤਾਂ ਕਿਸੇ ਵਿਅਕਤੀ ਨੂੰ ਲਗਾਤਾਰ ਛੇ ਮਹੀਨੇ ਲਈ (ਕੁੰਭ ਕਰਣ) ਨੀਂਦ ਵਿਚ ਹੀ ਲੰਮਾ ਪਾਈ ਰੱਖੇ। ਜੇ ਦਿਲ ਚਾਹੇ ਤਾਂ ਇਕ ਬੱਚੇ ਨੂੰ ਬਾਰਾਂ ਸਾਲ ਤਕ ਗਰਭ ਵਿਚ ਰਖੇ। (ਸ਼ੁਕਦੇਵ) ਦਿਲ ਚਾਹੇ ਮਾਂ ਦੇ ਗਰਭ ਤੋਂ ਕੱਦੂ (ਸਗਰ ਦੀ ਪਤਨੀ) ਪੈਦਾ ਕਰ ਦੇਵੇ। ਇਸ ਕੱਦੂ ਵਿਚਲੇ ਬੀਜਾਂ ਤੋਂ ਸੱਠ ਹਜਾਰ ਲੜਕੇ ਬਣਾ ਧਰੇ। ਇਕ ਵਿਅਕਤੀ ਤੋਂ ਕਿਸੇ ਕੌਮ ਦੀਆਂ (ਪਰਸੁਰਾਮ) ਇੱਕੀ ਕੁਲਾਂ ਦਾ ਖਾਤਮਾ ਕਰਵਾ ਦੇਵੇ, ਤੇ ਫਿਰ ਭੀ ਉਸਨੂੰ ਵੱਡਾ ਅਵਤਾਰੀ ਪੁਰਖ ਪਰਚਾਰਦਾ ਰਹੇ। ਕ੍ਰਿਸ਼ਨ ਤੋਂ ਗੋਪੀਆਂ ਦੇ ਕੱਪੜੇ ਚੋਰੀ ਕਰਵਾਉਂਦਾ ਰਹੇ, ਜਾਂ ਰਾਮ ਨੂੰ ਸੀਤਾ ਕਾਰਣ ਵਿਲ੍ਹਕਦਾ ਤੜਪਦਾ ਰੋਂਦਾ ਵਿਖਾਉਂਦਾ ਰਹੇ, ਤੇ ਉਸ ਨੂੰ ਭਗਵਾਨ ਭੀ ਦੱਸਦਾ ਰਹੇ। ਇਹ ਮਨੁਖਾਂ ਨੂੰ ਜਾਨਵਰਾਂ ਨਾਲੋਂ ਭੀ ਬਦਤਰ (ਸ਼ੂਦਰ ਆਖਕੇ) ਜੀਵਨ ਜਿਉਣ ਲਈ ਮਜਬੂਰ ਕਰ ਦੇਵੇ, ਚਾਹੇ ਜਾਨਵਰਾਂ ਦੀ ਪੂਜਾ ਕਰਵਾ ਲਵੇ। ਬ੍ਰਾਹਮਣ ''ਭਗਵਾਨ'' ਜੀ ਚਾਹੇ ਤਾਂ ਇਸ ਧਰਤੀ ਨੂੰ ਹੀ ਨਰਕ ਬਣਾ ਦੇਵੇ, ਜੇ ਚਾਹੇ ਤਾਂ ਆਕਾਸ਼ ਵਿਚ ਨਵੀਆਂ ਕਲੋਨੀਆਂ ਪੁਰੀਆਂ ਸਵਰਗ ਉਸਾਰ ਦੇਵੇ। ਸਿਰਫ ਬ੍ਰਾਹਮਣ ਕੋਲ ਹੀ **''ਧਰਮ''** ਹੈ, ਬਾਕੀ ਸਾਰਿਆਂ ਉੱਪਰ ਇਸਦਾ ਸਦੀਆਂ ਤੋਂ ਨੋਚ ਨੋਚ ਕੇ ਮਾਸ ਖਾ ਜਾਣ ਵਾਲਾ ਪਾਪੀ **''ਰਾਜ''** ਹੈ। ਕਿਸੇ ਨੂੰ ਜੀਵਾਲੇ ਜਾ ਮਾਰੇ, ਸਾਰੀਆਂ ਤਾਕਤਾਂ ਇਸੇ ਹੱਥ ਹਨ। ਕਿਸੇ ਨੂੰ ਨਰਕਾਂ ਦੀ ਚਿਠੀ

ਫੜਾਵੇ ਜਾਂ ਸਵਰਗ ਦਾ ਪਰਵਾਨਾ, ਸਭ ਇਸੇ ਦੀ ਇੱਛਾ ਵਿਚ ਹੁੰਦਾ ਹੈ। ਦਿਲ ਚਾਹੇ ਤਾਂ ਅਖੌਤੀ ਧਰਮ ਰਾਜ ਨੂੰ ਭੀ ਪਾਪੀ ਗਰਦਾਨ ਸਕਦਾ ਹੈ। ਧਰਮ ਰਾਜ ਦੇ ਪੈਰਾਂ ਵਿਚ ਕੀੜੇ ਪੁਆ ਸਕਦਾ ਹੈ ਤੇ ਕੁੱਕੜ ਤੋਂ ਉਹਨਾਂ ਕੀੜਿਆਂ ਦਾ ਖਾਤਮਾ ਕਰਵਾ ਸਕਦਾ ਹੈ ....। ਬਲਿਹਾਰ ਜਾਈਏ ਬਿਪਰ ਦੀਆਂ ਲਾ ਜੁਆਬ ਕਲਾਬਾਜੀਆਂ ਤੋਂ। ਐਵੇਂ ਨਹੀਂ ਇਸ ਨੇ ਭਾਰਤਵਾਸੀ ਲੋਕਾਂ ਨੂੰ ਆਪਣੇ ਅੱਗੇ ਲੰਮੇ ਪਾਇਆ। ਸਚਮੁਚ ਇਸਦੀ ਖੋਪੜੀ ਬੜੀ ਲਾ ਜੁਆਬ ਹੈ। ਇੰਨਾ ਕੁਫਰ ਤੋਲ ਕੇ, ਇੰਨੇ ਜੁਲਮ ਕਰਕੇ, ਇੰਨੇ ਪੁਆੜੇ ਪਾ ਕੇ, ਇਹ ਫਿਰ ਭੀ ਉੱਚਾ ਹੈ ਪੂਜਣਯੋਗ ਹੈ?

ਭਾਵੇਂ ਧਰਮਰਾਜ ਸਵਰਗ ਦਾ ਇੰਚਾਰਜ ਹੈ, ਘਾੜ੍ਹਤ ਤਾਂ ਬ੍ਰਾਹਮਣ ਦੀ ਹੀ ਹੈ। ਇਸ ਦੇ ਚਿਹਰੇ ਦਾ ਗੂੜ੍ਹਾ ਹਰਾ ਰੰਗ, ਤੇ ਕੱਪੜੇ ਲਾਲ ਸੂਹੇ, ਨਾਸਾਂ ਚੌੜੀਆਂ, ਚਾਰ ਅੱਖਾਂ ਵਾਲਾ, ਝੋਟੇ ਤੇ ਸਵਾਰ, ਹੱਥ ਵਿਚ ਬਰਛਾ....। ਹੈ ਨਾ ਕਮਾਲ ਦੀ ਕਲਾ ਕ੍ਰਿਤੀ? ਧਰਮ ਕਰਮ ਕਰਨ ਵਾਲੇ ਦਾ ਹੁਲੀਆ ਕਿਹੋ ਜਿਹਾ ਪੇਸ਼ ਕੀਤਾ ਗਿਆ ਹੈ, ਵੇਖਿਆ? ਧਰਮ ਰਾਜ ਨੇ ਆਪਣੀ ਆਤਮ ਕਥਾ ਖੁਦ ਨਹੀਂ ਲਿਖੀ। ਸੂਰਜ ਨੇ ਅਪਣੀ ਜਾਂ ਆਪਣੇ ''ਬੇਟੇ'' ਧਰਮ ਰਾਜ ਉਰਫ ਯਮਰਾਜ ਦੀ ਜੀਵਨੀ ਬਿਲਕੁਲ ਨਹੀਂ ਲਿਖੀ। ਫਿਰ ਇਹ ਸਾਰਾ ਗਪੌੜ ਸੰਖ ਕਿਸਨੇ ਲਿਖਿਆ ਹੈ? ਮਿਸਰ ਜੀ ਨੇ, ਬਿਪਰ ਜੀ ਨੇ, ਪੰਡਿਤ ਜੀ ਨੇ। ਮਦਾਰੀ ਅੱਗੇ ਰਿੱਛ ਨੱਚਣ ਤੋਂ ਅੜੀ ਕਰ ਸਕਦਾ ਹੈ, ਸੂਰਜ ਪੱਛਮ ਵੱਲੋਂ ਚੜ ਸਕਦਾ ਹੈ, ਗੰਗਾ ਉਲਟੇ ਪਾਸੇ ਵਗ ਸਕਦੀ ਹੈ। ਧਰਤੀ ਪੁੱਠੀ ਹੋ ਸਕਦੀ ਹੈ। ਪਰ ..... ..... ਪਰ ਬ੍ਰਹਮਣ ਜੋ ਚਾਹੇ ਸੋਈ ਕਰ ਸਕਦਾ ਹੈ, ਇਸ ਦਾ ਆਖਿਆ ਨਹੀਂ ਮੁੜ ਸਕਦਾ। ਅੱਜ ਭੀ ਭਾਰਤ ਦੀ ਸਰਕਾਰ ਨੂੰ ਬ੍ਰਾਹਮਣ ਹੀ ਚਲਾ ਰਹੇ ਹਨ। ਜਰਾ ਅੰਕੜੇ ਪੜ੍ਹਕੇ ਵੇਖੋ ਕਿ ਬ੍ਰਾਹਮਣਾਂ ਦੀ ਔਸਤ ਆਬਾਦੀ ਭਾਰਤ ਵਿਚ 4 ਪ੍ਰਤੀਸ਼ਤ ਹੈ। ਜਦੋਂ ਕਿ ਸਾਰੀਆਂ ਵੱਡੀਆਂ ਸਰਕਾਰੀ ਨੌਕਰੀਆਂ ਇਹਨਾਂ ਕੋਲ 90 ਪ੍ਰਤੀਸ਼ਤ ਹਨ। ਮਿਉਂਸਪਲ ਕਮੇਟੀਆਂ ਤੋਂ ਲੈ ਕੇ, ਪਾਰਲੀਮੈਂਟ ਤਕ, ਸਾਰੇ ਵੱਡੇ ਰਾਜਸੀ ਅਹੁਦੇ 90 ਪ੍ਰਤੀਸ਼ਤ ਬ੍ਰਾਹਮਣਾਂ ਕੋਲ ਹੀ ਹਨ। ਅੱਗੋਂ ਛੇਤੀ ਕੀਤੇ ਇਹ ਸਥਿਤੀ ਬਦਲਣ ਦੀ ਕੋਈ ਸੰਭਾਵਨਾ ਨਜਰ ਨਹੀਂ ਆਉਂਦੀ। ਕਿਉਂਕਿ ਪ੍ਰਿੰਟ ਮੀਡੀਆ ਅਤੇ ਇਲੈਕਟ੍ਰਿਕ ਮੀਡੀਆ ਭੀ ਇਹਨਾਂ ਦੇ ਹੀ ਕਬਜੇ ਵਿਚ ਹੈ। ਸਕੂਲ ਕਾਲਜ ਤੇ ਯੂਨੀਵਰਸਿਟੀਆਂ ਤੇ ਇਹਨਾਂ ਦੀ ਲੰਬੜਦਾਰੀ ਹੈ। ਸਾਡੇ ਸਿੱਖ ਲੇਖਕ (ਵਿਰਲਿਆਂ ਨੂੰ ਛੱਡਕੇ) ਬ੍ਰਾਹਮਣੀ ਸੋਚ ਮੁਤਾਬਕ ਸੋਚਦੇ ਹਨ।



ਉਸੇ ਤਰਜ ਤੇ ਲਿਖਦੇ ਹਨ, ਗੁਰਬਾਣੀ ਨੂੰ''ਵੇਦਾਂ ਦਾ ਸਾਰ'' ਗਰਦਾਨਦੇ ਹਨ। ਗੁਰਮਤ ਫਿਲਾਸਫੀ ਨੂੰ ਬ੍ਰਾਹਮਣੀ ਚੌਖਟੇ ਵਿਚ ਫਿੱਟ ਕਰਕੇ, ਵਿਦਵਤਾ ਵਿਖਾਉਂਦੇ ਹਨ। ਸਿੱਖ ਇਤਿਹਾਸ ਅਤੇ ਗੁਰ ਇਤਿਹਾਸ ਨੂੰ ਬ੍ਰਾਹਮਣੀ ਪੌਰਾਣਕ ਰੰਗਣ ਵਿਚ ਲਿਖਕੇ, ਸਿੱਖਾਂ ਨੂੰ ਬ੍ਰਾਹਮਣ ਅੱਗੇ ਡੰਡੌਤ ਕਰਨ, ਲੰਮੇ ਪੈਣ ਲਈ ਆਖ ਰਹੇ ਹਨ। ਨਾਲ ਹੀ ''ਖਾਲਸਾ ਪੰਥ ਨਿਆਰਾ ਹੈ'' ਦਾ ਬੇਸੁਰਾ ਰਾਗ ਭੀ ਅਲਾਪ ਰਹੇ ਹਨ। ਆਪਣੇ ਘਰਾਂ ਵਿਚ ਗੁਰਦਵਾਰਿਆਂ ਵਿਚ, ਜਨਮ ਤੋਂ ਲੈ ਕੇ ਮਰਨ ਤਕ, ਦੇਸ਼ ਵਿਚ, ਵਿਦੇਸ਼ ਵਿਚ, ਸਾਰੇ ਬ੍ਰਾਹਮਣੀ ਕਰਮ ਕਰਦਿਆਂ, ਸਿੱਖਾਂ ਨੂੰ ਹਰ ਸਮੇਂ ਵੇਖਿਆ ਜਾ ਸਕਦਾ ਹੈ। ਡੀਂਗਾਂ ਖਾਲਸੇ ਹੋਣ ਤੇ ਖਾਲਿਸਤਾਨ ਬਣਾਉਣ ਦੀਆਂ ਮਾਰਨਗੇ। ਗੁਰੂ ਸਾਹਿਬਾਨ ਨੇ ਇਹੋ ਜਿਹਾ ਖਾਲਸਾ ਬਣਾਉਣ ਬਾਰੇ ਨਹੀਂ ਸੋਚਿਆ ਸੀ, ਜਿਹੋ ਜਿਹਾ ਮਿਲਗੋਭਾ, ਦਬੜੂ ਘੁਸੜੂ, ਵਹਿਮ ਭਰਮ ਵਿਚ ਗਰਕਿਆ, ਆਮ ਲੋਕਾਂ ਨੂੰ ਲੁੱਟਕੇ ਖਾਣ ਵਾਲਾ ਇਹ ਖਾਲਸਾ ਹੀ ਹੈ?

ਧਰਮ ਰਾਜ ਨੇ ਦੋ ਕੁੱਤੇ ਪਾਲੇ ਹੋਏ ਹਨ, ਜੋ ਕਿ ਹਰ ਮੁਰਦੇ ਪਿੱਛੇ ਦੌੜਦੇ ਹਨ, ਤਾਂ ਕਿ ਇਹ ਮੁਰਦਾ ਵਿਅਕਤੀ ਰਸਤੇ ਵਿਚ ਦੇਰ ਨਾ ਲਾ ਦੇਵੇ। ਕਿਸੇ ਹੋਰ ਪਾਸੇ ਹੀ ਨਾ ਦੌੜ ਜਾਵੇ। ਵਿਚਾਰੇ ਜਿਹੜੇ ਬੁੱਢੇ ਬੱਚੇ ਬਿਮਾਰ ਮਰ ਜਾਂਦੇ ਹਨ। ਜਿਨ੍ਹਾਂ ਨੇ ਜ਼ਿੰਦਗੀ ਭਰ ਬੁਰਾ ਕੰਮ ਭੀ ਕੋਈ ਨਹੀਂ ਕੀਤਾ, ਉਹਨਾਂ ਦਾ ਕੀ ਹਾਲ ਹੁੰਦਾ ਹੋਵੇਗਾ, ਜਦੋਂ ਦੋ ਦੋ ਵੱਢਖਾਣੇ ਜ਼ਾਲਮ ਕੁੱਤੇ, ਮਗਰ ਨੱਸੇ ਆ ਰਹੇ ਹੋਣ? ਸ਼ਾਇਦ ਪੜੇ ਲਿਖੇ ਕੁੱਤੇ ਹਨ, ਉਹਨਾਂ ਨੂੰ ਬੇ ਕਸੂਰ ਵਿਅਕਤੀ ਕੋਈ ਚਿੱਠੀ ਵਗੈਰਾ ਵਿਖਾ ਦਿੰਦੇ ਹੋਣਗੇ? ਇਕ ਬੰਨੇ ਤਾਂ ਕੁੱਤੇ ਬੜੇ ਭਾਗਸ਼ਾਲੀ ਹਨ ਕਿ ਹਰ ਵਕਤ ਧਰਮਰਾਜ ਕੋਲ ਰਹਿ ਕੇ, ਸਵਰਗੀ ਪਦਾਰਥ ਛਕ ਕੇ, ਡਨਲੱਪ ਦੇ ਗੱਦਿਆਂ ਤੇ ਲੰਮੇ ਪੈ ਕੇ, ਐਸ਼ ਉਡਾਂਉਂਦੇ ਹਨ। ਇਨਸਾਨ ਵਿਚਾਰੇ ਇਥੇ ਧਰਤੀ ਤੇ ਭੀ, ਉਪਰ ਭੀ ਨਰਕ ਹੀ ਭੋਗਦੇ ਚਲੇ ਆ ਰਹੇ ਹਨ। ਵਾਹ ਮੇਰੇ ਧਰਮਰਾਜ ਉਰਫ ਯਮਰਾਜ ਜੀ ਵਾਹ। ਉਪਰ ਜਾਣ ਵਾਲੀ ਜਰਨੈਲੀ ਸੜਕ ਬੰਦੇ ਨੂੰ ਮਰਨ ਤੋਂ ਬਾਦ ਹੀ ਨਜਰ ਆਉਂਦੀ ਹੈ। ਇਸੇ ਧਰਤੀ ਤੇ ਅੱਖਾਂ ਹੁੰਦਿਆਂ ਸੁੰਦਿਆਂ ਭਾਵੇਂ ਕੋਈ ਜਿੰਦਗੀ ਭਰ ਠੋਕਰਾਂ ਖਾਂਦਾ ਫਿਰੇ। ਸਾਰੀ ਉਮਰ ਜਿੰਦਗੀ ਦਾ ਰਾਹ ਨਾ ਲੱਭੇ, ਧਰਮ ਰਾਜ ਦਾ ਰਾਹ ਜਰੂਰ ਲੱਭ ਜਾਂਦਾ ਹੈ। ਜੇ ਬਹਾਨਾ ਕਰੋਗੇ ਤਾਂ ਧਰਮ ਰਾਜ ਦੇ ਬੂਲੀ ਕੁੱਤੇ ਤਾਂ ਹੈਗੇ ਈ ਨਾ।

**ਉਂਞ ਸ਼ੌਕ ਪਾਲਣ ਵਾਸਤੇ ਇੰਦਰ ਦੇਵਤੇ ਨੇ ਭੀ ਇਕ ਕੁੱਤੀ ਪਾਲੀ ਹੋਈ ਹੈ। ਬੜਾ ਪਿਆਰਾ ਨਾਮ ਹੈ ਉਸਦਾ ''ਸ਼ਰਮਾ''। ਇਹ ਇੰਦਰ ਭਗਵਾਨ ਜੀ ਦੇ ਨਾਲ ਹੀ ਇੰਦਰਪੁਰੀ ਦਾ ਅਨੰਦ ਮਾਣਦੀ ਹੈ। ਜਿਹੜੇ ਦੋ ਕੁੱਤੇ ਧਰਮਰਾਜ ਨੇ ਰੱਖੇ ਹੋਏ ਹਨ, ਉਹਨਾਂ ਦੇ ਨਾਮ ਭੀ ''ਸ਼ਰਮੇ ਜਾਂ ਸ਼ਰਮਾ'' ਹਨ। ਇੰਦਰ ਵਾਲੀ ਇਹ ਕੁੱਤੀ, ਉਹਨਾਂ ਦੋਵਾਂ ਦੀ ਮਾਂ ਹੈ। ਕੁੱਤੇ ਨੂੰ ''ਸ਼ਰਮਾ ਪਤੀ'' ਭੀ ਕਹਿੰਦੇ ਹਨ, ਭਾਵ ਕੁੱਤੀ ਦਾ ਪਤੀ ਕੁੱਤਾ। ਜੇ ਤਾਂ ਹਰ ਕੁੱਤੇ ਨੂੰ ਸ਼ਰਮਾ ਕਹਿਣਾ ਹੋਵੇ ਤਾਂ ਠੀਕ ਹੈ, ਵਰਨਾ ਕੋਸ਼ਿਸ਼ ਕਰਨ ਦੇ ਬਾਵਜੂਦ ਭੀ ਕਿਤੋਂ ਇਸ ਕੁੱਤੀ (ਸ਼ਰਮਾ ਦੇਵੀ) ਦਾ ਪਤੀ ਨਹੀਂ ਲੱਭਿਆ ਕੌਣ ਸੀ? (ਸ਼ਰਮਾ ਬਾਰੇ ਮ: ਕੋਸ਼ ਪੰਨਾ – 168)**

ਇਸ ਵਿਸ਼ੇ ਬਾਰੇ ਗੁਰਬਾਣੀ–

**ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।।**
**ਦੂਜੈ ਭਾਇ ਦੁਸ਼ਟੁ ਆਤਮਾ ਓਹ ਤੇਰੀ ਸਰਕਾਰ।।**
**ਅਧਿਆਤਮੀ ਹਰਿ ਗੁਣ ਤਾਸ ਮਨਿ ਜਪਹਿ ਏਕੁ ਮੁਰਾਰਿ।।**
**ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸੰਵਾਰਣ ਹਾਰੁ।। (38)**

ਹੇ ਭਾਈ ! ਧਰਮ ਦਾ ਕੀ ਅਰਥ ਹੈ, ਸੱਚੇ ਮਾਰਗ ਤੇ ਚੱਲਣਾ। ਜੇ ਤੂੰ ਧਰਤੀ ਦਾ ਬਾਦਸ਼ਾਹ ਬਣਨਾ ਲੋੜਦਾ ਹੈ ਤਾਂ ਸੱਚ ਦੇ ਰਾਹ ਤੇ ਜਿੰਦਗੀ ਟੋਰ। ਵਿਚਾਰ ਕਰਕੇ ਵੇਖ, ਕਿ ਮੇਰਾ ਜੀਵਨ ਸੱਚ ਤੇ ਅਧਾਰਤ ਹੈ? ਜੋ ਬੁਰੇ ਕੰਮ ਕਰਨ ਵਾਲੇ ਦੁਸ਼ਟ ਲੋਕ ਹਨ, ਉਹ ਧਰਮਰਾਜ ਦੀਆਂ ਬਹੁਤੀਆਂ ਗੱਲਾਂ ਕਰਦੇ ਹਨ। ਅੰਦਰੋਂ ਡਰਦੇ ਭੀ ਬਹੁਤ ਹਨ, ਬੁਰੇ ਕੰਮ ਜੋ ਕੀਤੇ ਹੁੰਦੇ ਹਨ। ਅਜਿਹੇ ਪਾਪੀ ਲੋਕਾਂ ਨੂੰ ਕਰਾਰੀ ਸਜ਼ਾ ਦੇਣ ਵਾਸਤੇ ਤੇਰੀ ਸਰਕਾਰ ਕੰਮ ਕਰਦੀ ਹੈ। ਭਲੇ ਪੁਰਖਾਂ ਨੂੰ ਕਾਹਦਾ ਡਰ, ਕਾਹਦੀ ਪ੍ਰੇਸ਼ਾਨੀ? ਨੇਕ ਇਨਸਾਨ ਗੁਣਾ ਨਾਲ ਭਰਪੂਰ ਹਨ, ਇੱਕੋ ਨਿਰੰਕਾਰ ਤੇ ਭਰੋਸਾ ਰੱਖਦੇ ਹਨ। ਧਰਮਰਾਜ ਵਿਚਾਰਾ ਗੁਰਮੁਖਾਂ ਦੀ ਸੇਵਾ ਵਿਚ ਹਾਜਰ ਹੋ ਜਾਂਦਾ ਹੈ। ਆਕੇ ਪੁੱਛਦਾ ਹੈ ਕੋਈ ਕੰਮ ਹੈ ਵੀਰੋ ਮੇਰੇ ਗੋਚਰਾ ਕਰਨ ਵਾਲਾ? ਕੋਟਾਨ ਕੋਟ ਧੰਨਵਾਦ ਵਾਹਿਗੁਰੂ ਦਾ ਜਿਨਾਂ ਨੇ ਸਾਨੂੰ ਇਹ ਮੱਤ ਦੇ ਦਿੱਤੀ, ਗੁਰੂ ਮਿਲਾ ਦਿੱਤਾ।

**ਕਲਿਜੁਗੁ ਉਧਾਰਿਆ ਗੁਰਦੇਵ।।**



**ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤਰੀ ਸਵੇ।। ਰਹਾਉ।।**
**ਤੂ ਆਪਿ ਕਰਤਾ, ਸਭ ਸ੍ਰਿਸਟਿ ਧਰਤਾ, ਸਭ ਮਹਿ ਰਹਿਆ ਸਮਾਇ।।**
**ਧਰਮਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ।। (406)**

ਹੇ ਭਾਈ ! ਲੋਕੀ ਕਹਿੰਦੇ ਸਨ ਕਲਜੁਗ ਬਹੁਤ ਬੁਰਾ ਹੈ, ਗੁਰੂ ਨਾਨਕ ਸਾਹਿਬ ਜੀ ਨੇ, ਸ਼ੁੱਭ ਮੱਤ ਦੇ ਕੇ, ਕਲਜੁਗੀ ਜੀਵਾਂ ਦਾ ਕਲਿਆਣ ਹੀ ਕਰ ਦਿਤਾ। ਵਿਕਾਰਾਂ ਦੀ ਮੈਲ ਨਾਲ ਭਰੇ ਗੰਦੇ ਕੰਮ ਕਰਨ ਵਾਲੇ, ਅਣਪੜ੍ਹ ਮੂਰਖ ਜਾਹਲ, ਗੁਰੂ ਦੀ ਮੱਤ ਲੈ ਕੇ, ਨਿਰੰਕਾਰ ਦੇ ਸੇਵਕ ਬਣ ਗਏ। ਹੇ ਵਾਹਿਗੁਰੂ ਤੂੰ ਮਹਾਨ ਹੈ; ਤੂੰ ਜ਼ੱਰੇ ਜ਼ੱਰੇ ਵਿਚ ਸਾਰੀ ਕਾਇਨਾਤ ਵਿਚ, ਬਿਰਾਜਮਾਨ ਹੈ, ਤੂੰ ਹੀ ਸਾਰੀ ਸ੍ਰਿਸਟੀ ਬਣਾਈ ਹੈ। ਤੇਰੇ ਸੇਵਕਾਂ ਦੀ ਸੋਭਾ ਸੁਣਕੇ ਪਰਉਪਕਾਰ ਵੇਖਕੇ, ਧਰਮਰਾਜ ਭੀ ਹੈਰਾਨ ਹੋ ਗਿਆ। ਉਹ ਭੀ ਮਜਬੂਰ ਹੋ ਗਿਆ ਕਿ ਗੁਰੂ ਮਹਾਨ ਹੈ ਉਸਨੇ ਭੀ ਗੁਰੂ ਦੇ ਚਰਨਾਂ ਤੇ ਨਮਸਕਾਰ ਕੀਤੀ।

**ਇਹ ਕਾਰਜਿ ਤੇਰੇ ਜਾਹਿ ਬਿਕਾਰ।। ਸਿਮਰਤ ਰਾਮ ਨਾਹੀ ਜਮ ਮਾਰ।।**
**ਧਰਮ ਰਾਇ ਕੇ ਦੂਤ ਨ ਜੋਹੈ।। ਮਾਇਆ ਮਗਨ ਨ ਕਛੂਐ ਮੋਹੈ।। (185)**

ਹੇ ਭਾਈ ਗੁਰਸਿੱਖੋ! ਲਾਲਚ ਅਤੇ ਡਰ ਵਿਚ ਤੂੰ ਜੋ ਕੰਮ ਕਰਦਾ ਹੈ (ਜਪ ਦਾਨ ਆਦਿ) ਇਹ ਸਾਰੇ ਤਾਂ ਬੇਕਾਰ ਚਲੇ ਗਏ। ਹਰੀ ਨਾਮ ਸਿਮਰ ਤਾਂ ਹੀ ਜਮਾਂ (ਵਿਕਾਰਾਂ) ਦੀ ਬੁਰੀ ਮਾਰ ਤੋਂ ਬਚ ਸਕੇਂਗਾ। ਨਿਰੰਕਾਰ ਨਾਲ ਜੁੜਿਆਂ ਧਰਮਰਾਜ ਦੇ ਦੂਤ ਆਦਿਕ ਕੁੱਝ ਨਹੀਂ ਵਿਗਾੜ ਸਕਦੇ। ਜੇ ਤੂੰ ਮਾਇਆ ਵੇਹੜਿਆ ਬੁਰੇ ਕੰਮ ਕਰਦਾ ਰਿਹਾ, ਫਿਰ ਸਮਝ ਲੈ, ਇਹ ਵਿਕਾਰ ਹੀ ਤੇਰੇ ਲਈ ਜਮਦੂਤ ਹਨ।

**ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ।।**
**ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ।। (614)**

ਹੇ ਭਾਈ ! ਮੈਨੂੰ ਸਤਿਗੁਰੂ ਨੇ ਨਾਮ ਦੀ ਦਾਤ ਬਖਸ਼ ਦਿੱਤੀ। ਸ਼ੁੱਭ ਸਿੱਖਿਆ ਨਾਲ ਮੇਰੇ ਮਨ ਤੋਂ ਸਾਰੇ ਡਰ ਦੂਰ ਹੋ ਗਏ। ਹੁਣ ਧਰਮਰਾਜ ਸਾਡਾ ਕੀ ਵਿਗਾੜ ਸਕਦਾ ਹੈ? ਅਸੀਂ ਉਸਦੇ ਸਾਰੇ ਹਿਸਾਬ ਵਾਲੇ ਕਾਗਜ ਹੀ ਪਾੜ ਦਿੱਤੇ। ਹਿਸਾਬ ਹੀ ਬਾਕੀ ਨਹੀਂ ਰਿਹਾ।

**ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ।।**
**ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ।।**

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮ ਹੈ ਏਕੋ।।**

**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ।। (793)**

ਹੇ ਭਾਈ! ਮੈਂ ਆਪਣੇ ਸਰੀਰ ਦੇ ਦਫਤਰ ਖਾਨਿਆਂ ਵਿਚ ਇੱਕ ਨਿਰੰਕਾਰ ਨੂੰ ਪਾਲਿਆ ਹੈ। ਮੇਰੇ ਰਗ ਰੇਸ਼ੇ ਵਿਚ ਉਸੇ ਦਾ ਨਾਮ ਹੈ। ਜਦੋਂ ਧਰਮਰਾਜ ਦੇ ਦਫਤਰ ਦੀ ਪੜਤਾਲ ਕੀਤੀ ਗਈ ਤਾਂ ਸਾਡੇ ਵੱਲ ਰਾਈ ਮਾਤਰ ਬਕਾਇਆ ਨਹੀਂ ਨਿਕਲਿਆ। ਰੱਬ ਦੇ ਪਿਆਰੇ (ਕਬੀਰ ਵਰਗੇ) ਨੂੰ ਨਾਂਹ ਨਿੰਦੋ। ਉਹ ਕੋਈ ਅਖੌਤੀ ਧਰਮ ਕਰਮ ਨਹੀਂ ਕਰਿਆ ਕਰਦੇ, ਕਿਉਂਕਿ ਰੱਬ ਵਿਚ ਤੇ ਭਗਤਾਂ ਵਿਚ ਕੋਈ ਅੰਤਰ ਨਹੀਂ ਹੈ। ਕਬੀਰ ਆਖਦਾ ਹੈ, ਮੈਂ ਬ੍ਰਾਹਮਣ ਨੂੰ ਤਿਆਗ ਦਿੱਤਾ ਹੈ। ਧਰਮਰਾਜ ਆਦਿ ਛਡ ਦਿਤੇ ਹਨ। ਕੇਵਲ ਨਿਰੰਕਾਰ ਨੂੰ ਮਨ ਵਿਚ ਬਸਾ ਲਿਆ ਹੈ।

**ਸਿਮਰਤ ਨਾਮੁ ਕਿਲਬਿਖ ਸਭਿ ਕਾਟੇ।। ਧਰਮ ਰਾਇ ਕੇ ਕਾਗਰ ਫਾਟੇ।।**

**ਸਾਧ ਸੰਗਤਿ ਮਿਲਿ ਹਰਿ ਰਸੁ ਪਾਇਆ।।**

**ਪਰਬ੍ਰਹਮੁ ਰਿਦ ਮਾਹਿ ਸਮਾਇਆ।। (1348)**

ਹੇ ਗੁਰਸਿੱਖੋ ! ਵਾਹਿਗੁਰੂ ਜੀ ਦੀ ਪਵਿੱਤਰ ਯਾਦ ਦੁਆਰਾ ਸਾਰੇ ਔਗਣ ਨੱਸ ਜਾਂਦੇ ਹਨ। ਜਦੋਂ ਮਨੁੱਖ ਬੁਰਾ ਕੰਮ ਹੀ ਨਹੀਂ ਕਰੇਗਾ, ਡਰ ਕਾਹਦਾ? ਸਮਝੋ ਉਸਨੇ ਧਰਮਰਾਜ ਦੇ ਸਾਰੇ ਕਾਗਜ ਬਹੀ ਖਾਤੇ ਪਾੜ ਦਿੱਤੇ। ਉਸਦਾ ਉਥੇ ਨਾਮ ਹੀ ਨਹੀਂ ਹੈ। ਸਾਧ ਸੰਗਤ ਰਾਹੀਂ ਗੁਰੂ ਦੀ ਮੱਤ ਲੈ ਕੇ, ਹਰੀਜਸ ਗਾਇਆ। ਪਾਰਬ੍ਰਹਮ ਨਿਰੰਕਾਰ ਹਿਰਦੇ ਵਿਚ ਹੀ ਦਿਸ ਪਿਆ।

ਅਸਲ ਵਿਚ **ਧਰਮ** ਇੱਕ ਰੱਬੀ ਕਾਨੂੰਨ ਹੈ, ਨਿਅਮ ਹੈ, ਜਿਸ ਦੇ ਤਹਿਤ ਸਾਰੀ ਕਾਇਨਾਤ ਚੱਲ ਰਹੀ ਹੈ। ਮਨੁੱਖੀ ਸਰੀਰ ਇੱਕ ਬੱਝਵੇਂ ਸਿਸਟਮ ਵਿਚ ਚੱਲਦਾ ਹੈ, ਇਸ ਨਿਅਮ ਦਾ ਨਾਮ ਹੀ **ਧਰਮ** ਹੈ। ਜਦੋਂ ਲੋਕੀ ਇੱਕ ਨਿਅਮ ਨੂੰ ਆਪਣਾ ਲੈਂਦੇ ਹਨ ਉਹ ਧਰਮ ਬਣ ਜਾਂਦਾ ਹੈ। ਪੁਰਾਣੇ ਸਮੇਂ ਵਿਚ ਧਰਤੀ ਹੇਠਾਂ ਇੱਕ ਬਲਦ ਦੀ ਕਲਪਣਾ ਕੀਤੀ ਗਈ, ਜਿਸਨੇ ਧਰਤੀ ਨੂੰ ਚੁੱਕਿਆ ਹੋਇਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਪਸ਼ੱਟ ਸਮਝਾਇਆ, ਕਿ ਭਾਈ ਧਰਤੀ ਬਲਦ ਨੇ ਨਹੀਂ ਚੁੱਕੀ ਹੋਈ। ਸਗੋਂ ਵਾਹਿਗੁਰੂ ਦੇ ਬਣਾਏ ਧਰਮ ਕਾਨੂੰਨ ਮੁਤਾਬਕ ਟਿਕੀ ਹੋਈ ਹੈ। ਪੜ੍ਹੋ ਪਾਵਨ ਬਚਨ –



**ਧੌਲੁ ਧਰਮੁ ਦਇਆ ਕਾ ਪੂਤੁ।। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।**

**ਜੇ ਕੋ ਬੁਝੈ ਹੋਵੈ ਸਚਿਆਰੁ।। ਧਵਲੈ ਉਪਰਿ ਕੇਤਾ ਭਾਰੁ।।**

**ਧਰਤੀ ਹੋਰੁ ਪਰੈ ਹੋਰੁ ਹੋਰੁ।। ਤਿਸ ਤੇ ਭਾਰੁ ਤਲੈ ਕਵਣੁ ਜੋਰੁ।। (3)**

ਅਖੀਰ ਵਿਚ ਯਾਦ ਰੱਖ ਲਈਏ ਕਿ ਧਰਮ ਜਾਂ ਉਸਦਾ ਰਾਜ ਉੱਪਰ ਕਿਤੇ ਨਹੀਂ ਹੈ। ਇਥੇ ਹੀ ਇਸੇ ਧਰਤੀ ਤੇ ''ਹਲੇਮੀ ਰਾਜ, ਜਾਂ ਬੇਗਮ ਪੁਰਾ'' ਸਿਰਜਣਾ ਹੈ। ਜੇ ਉਪਰਲੇ ਸਵਰਗ ਦੀ ਕੂੜੀ ਆਸ ਲਾਈ ਬੈਠੇ ਰਹੇ ਤਾਂ ਇਸ ਧਰਤੀ ਤੇ ਕਦੀ **''ਧਰਮ ਦਾ ਰਾਜ''** ਨਹੀਂ ਬਣ ਸਕੇਗਾ। ਇੱਥੇ ਲੁਟੇਰੇ ਲੁੱਟਾਂ, ਰਿਸ਼ਵਤਾਂ, ਚਲਾਕੀਆਂ, ਨਾਲ ਕਮਜ਼ੋਰਾਂ ਲਈ ਨਰਕ ਬਣਾ ਰਹੇ ਹਨ। ਖੁਦ ਇਥੇ ਹੀ ਸਾਰੀਆਂ ਸੁਖ ਸਹੂਲਤਾਂ ਨਾਲ ਸੁਖੀ ਜੀਵਨ ਬਤੀਤ ਕਰ ਰਹੇ ਹਨ। ਕਿਉਂਕਿ ਉਹ ਜਾਣਦੇ ਨੇ ਕਿ ਇਹਨਾਂ ਅਣਜਾਣਾ ਨੂੰ, ਝੂਠੇ ਲਾਰੇ ਲਾਈ ਰੱਖੋ। ਉਲਝਾਈ ਰੱਖੋ, ਅਪਣਾ **''ਧਰਮ''** ਕਮਾਈ ਚੱਲੋ। ਗੁਰੂ ਨਾਨਕ ਸਾਹਿਬ ਜੀ ਧਰਤੀ ਨੂੰ ਹੀ ਧਰਮਸਾਲ ਬਣਾਣਾ ਲੋਚਦੇ ਹਨ। ਇਥੋਂ ਸਭ ਬੁਰਾਈਆਂ ਮਿਟਾ ਕੇ, ਨੇਕੀ ਦੇ ਰਾਹ ਟੋਰਕੇ। ਪੜ੍ਹੋ –

**ਰਾਤੀ ਰੁਤੀ ਥਿਤੀ ਵਾਰ।। ਪਵਣ ਪਾਣੀ ਅਗਨੀ ਪਾਤਾਲ।।**

**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ।। (ਜਪੁ – 7)**

**ਕਬੀਰ ਮਨ ਸੀਤਲ ਭਇਆ ਪਾਇਆ ਬ੍ਰਹਮ ਗਿਆਨ।।**

**ਜਿਨਿ ਜੁਆਲਾ ਜਗੁ ਜਾਰਿਆ ਸੁ ਜਨਕੈ ਉਦਕ ਸਮਾਨ।। (1373)**

ਗੁਰਮਤ ਵਿਚ ਧਰਮ ਰਾਜ, ਜਮ ਰਾਜ, ਚਿਤਰ ਗੁਪਤ, ਜਾਂ ਜਮਦੂਤਾਂ ਦੀ ਕੋਈ ਮਾਨਤਾ ਨਹੀਂ ਹੈ। ਹਿੰਦੂ ਪੌਰਾਣਕ ਗਰੰਥਾਂ ਵਿਚੋਂ ਸਮਝਾਉਣ ਲਈ ਕੇਵਲ ਹਵਾਲੇ ਹਨ ਉਦਾਹਰਣਾਂ ਹਨ। ਇਸ ਤੋਂ ਵੱਧ ਇਹਨਾਂ ਦੀ ਕੋਈ ਕੀਮਤ ਨਹੀਂ ਹੈ। ਜਿਹੜਾ ਲੇਖਕ ਜਾਂ ਪਰਚਾਰਕ ਸਿੱਖਾਂ ਨੂੰ ਇਹਨਾਂ ਅਣਹੋਏ ਤੇ ਅਣਜੰਮਿਆਂ ਦੇ ਪਿੱਛੇ ਲਾਉਂਦਾ ਹੈ ਜਾਂ ਤਾਂ ਉਹ ਕੋਈ ਸਾਜਿਸ਼ੀ ਬੰਦਾ ਹੈ ਜਾਂ ਮੂਰਖ ਹੈ। ਇਸ ਦਾ ਸਪੱਸ਼ਟ ਮਤਲਬ ਹੈ ਕਿ ਗੁਰਬਾਣੀ ਤੋਂ ਸੱਖਣਾ ਹੈ ਉਹ ਮਨੁਖ। ਸਤਿਗੁਰੂ ਰਹਿਮਤ ਕਰੇ, ਸਾਰਿਆ ਨੂੰ ਗੁਰਬਾਣੀ ਦਾ ਉੱਤਮ ਗਿਆਨ ਬਖਸ਼ ਦੇਵੇ। ਧਰਮ ਰਾਜ ਤਾਂ ਵਿਚਾਰਾ ਖੁਦ ਹੀ ਰੋਗੀ ਹੈ, ਪਿਤਾ ਦੇ ਸਰਾਪ ਕਾਰਨ ਉਸ ਦੇ ਪੈਰਾਂ ਵਿਚ ਕੀੜੇ ਪਏ ਹੋਏ ਹਨ। ਜਿਹੜਾ ਆਪਣੀ ਹੀ ਕਿਸਮਤ ਦਾ ਮਾਰਿਆ ਹੋਇਆ ਹੈ ਉਹ ਲੋਕਾਂ ਦੇ ਕੀ ਫੈਸਲੇ ਕਰੇਗਾ?

ਇਕ ਪੌਰਾਣਕ ਕਹਾਣੀ ਮੁਤਾਬਕ ਮੀਂਡਕ ਰਿਸ਼ੀ ਨੇ ਧਰਮਰਾਜ ਨੂੰ ਪੁੱਛਿਆ ਕਿ ਮੈਨੂੰ ਕੀਤੇ ਗੁਨਾਹ ਬਦਲੇ ਫਾਂਸੀ ਦਿੱਤੀ ਗਈ ਸੀ। ਗੁਨਾਹ ਇਹ ਸੀ ਕਿ ਮੈਂ ਇਕ ਬਿੰਡਾ (ਛੋਟਾ ਜੀਵ) ਤੜਫਾ ਤੜਫਾ ਕੇ ਮਾਰ ਦਿੱਤਾ ਸੀ। ਉਸ ਵਕਤ ਮੇਰੀ ਉਮਰ ਬਾਰਾਂ ਸਾਲ ਤੋਂ ਘੱਟ ਸੀ। ਇੰਨੇ ਛੋਟੇ ਬੱਚੇ ਨੂੰ ਗੁਨਾਹ ਮੁਆਫ ਹੁੰਦੇ ਹਨ, ਕਿਉਂਕਿ ਇਸ ਨੂੰ ਹਾਲੀ ਪਾਪ ਪੁੰਨ ਦੀ ਸਮਝ ਨਹੀਂ ਹੁੰਦੀ।''

ਧਰਮਰਾਜ ਬੋਲਿਆ - ''ਹਾਂ ਵਾਕਿਆ ਹੀ ਮਾਮਲਾ ਗੰਭੀਰ ਹੈ, ਗਲਤੀ ਹੋ ਗਈ।''

ਮੀਂਡਕ - ''ਗਲਤੀ ਛੋਟੀ ਨਹੀਂ, ਬਿਨਾਂ ਠੋਸ ਕਾਰਨ ਇਕ ਵਿਅਕਤੀ ਨੂੰ ਫਾਂਸੀ ਲਟਕਾ ਦਿੱਤਾ ਗਿਆ। ਹੁਣ ਮੈਂ ਤੈਨੂੰ ਸ਼ਰਾਪ ਰਾਹੀਂ ਸਜਾ ਦਿਆਂਗਾ।''

ਧਰਮ ਰਾਜ ਗਿੜਗਿੜਾਇਆ -'' ਵੇਖਿਓ ਮੀਂਡਕ ਜੀ ! ਨਰਮ ਜਿਹੀ ਸਜਾ ਦੇਣੀ। ਇਹਨਾਂ ਚਾਰ ਕਿਸਮ ਦੀਆਂ ਭਿਆਨਕ ਸਜਾਵਾਂ ਦਾ ਸ਼ਰਾਪ ਦੇਣ ਤੋਂ ਬਚਾ ਲੈਣਾ। **ਕੁੱਤਾ ਬਣਕੇ ਜਨਮ ਲੈਣਾ। ਦਾਸੀ (ਵੇਸਵਾ ਪੁੱਤਰ ਜਾਂ ਹਰਾਮੀ) ਪੁੱਤਰ ਨਾ ਬਣਾ ਦੇਣਾ। ਕਿਸੇ ਡੇਰੇ ਜਾਂ ਮੱਠ ਦਾ ਮੁਖੀ ''ਸੰਤ'' ਨਾ ਬਣਾ ਦੇਣਾ, ਕਿਉਂ ਕਿ ਇਹ ਡੇਰੇਦਾਰ ਆਪਣੇ ਸੇਵਕਾਂ ਦੀ ਕਿਰਤ ਕਮਾਈ ਡਕਾਰਦੇ ਜਰਾਂ ਸ਼ਰਮ ਨਹੀਂ ਕਰਦੇ। ਆਪਣੇ ਸਮਾਜ ਲਈ ਨਿਰਾ ਕੋਹੜ ਹਨ। ਇਹ ਮੱਠਾਧੀਸ। ਮੈਨੂੰ ਕਿਤੇ ਕਲਜੁਗ ਦਾ ਰਾਜਾ ਭੀ ਨਾ ਬਣਾ ਦੇਵੀ। ਕਲਜੁਗ ਦੇ ਰਾਜੇ ਐਬਾਂ ਬਦਕਾਰੀਆਂ, ਬੁਰਾਈਆਂ ਨਾਲ ਨਕਾ ਨਕ ਭਰੇ ਹੁੰਦੇ ਹਨ। ਆਪਣੇ ਲੋਕਾਂ ਦਾ ਬੇਅੰਤ ਨੁਕਸਾਨ ਹੀ ਕਰਦੇ ਹਨ ਇਹ ਕਲਜੁਗ ਦੇ ਰਾਜੇ।''**

ਮੀਂਡਕ ਤੁਰੰਤ ਬੋਲਿਆ- ''ਚੰਗੇ ਵਕਤ ਯਾਦ ਕਰਵਾ ਦਿੱਤਾ ਧਰਮਰਾਜ। ਮੇਰਾ ਸਰਾਪ ਹੈ ਤੈਨੂੰ। ਤੂੰ ਕੁੱਤਾ ਭੀ ਬਣੇਗਾ, ਵੇਸ਼ਵਾ ਦਾ ਪੁੱਤਰ ਬਣਕੇ ਜਨਮ ਲਵੇਂਗਾ। ਡੇਰੇ ਦਾ ਸੰਤ ਭੀ ਬਣੇਗਾ ਤੇ ਕਲਜੁਗ ਦਾ ਰਾਜਾ ਭੀ ਹੋਵੇਗਾ। ਚਾਰੇ ਸਜਾਵਾਂ ਭੁਗਤੇਂਗਾ।'' ਧਰਮਰਾਜ ਧਾਹਾਂ ਮਾਰ ਕੇ ਰੋਇਆ। ਚਾਰੇ ਕਿਸਮ ਦੀਆਂ ਸਜਾਵਾਂ ਭੋਗੀਆਂ। ਪਾਠਕ ਖੁਦ ਨਿਰਣਾ ਕਰਨ ਕਿ ਧਰਮਰਾਜ ਕਿੰਨੀ ਕੁ ਮਹਾਨ ਹਸਤੀ ਹੈ? ਨਿਚੋੜ ਤਾਂ ਇਹ ਹੈ-

**ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ।।**
**ਅਵਗਣ ਮੇਟੈ ਗੁਣਿ ਨਿਸਤਾਰੈ।।**
**''ਮੁਕਤਿ'' ਮਹਾ ਸੁਖ ਗੁਰ ਸਬਦੁ ਬੀਚਾਰਿ।।**
**ਗੁਰਮੁਖਿ ਕਦੇ ਨ ਆਵੈ ਹਾਰਿ।। (942)**



ਹੁਣ ਇਹ ਭੀ ਸਪਸਟ ਕਰ ਲਈਏ ਕਿ ਜੂਨਾਂ ਹੁੰਦੀਆਂ ਭੀ ਹਨ ਕਿ ਨਹੀਂ,? ਜੀ ਹਾਂ ਹੁੰਦੀਆਂ ਹਨ। ਐਹ ਜੋ ਅਣਗਿਣਤ ਜੀਵ (84 ਲੱਖ ਦੀ ਗਿਣਤੀ ਕਦੀ ਨਹੀਂ ਹੋ ਸਕੀ) ਕਰਤਾਪੁਰਖ ਨੇ ਸਾਜੇ ਹੋਏ ਹਨ, ਇਹ ਸਾਰੇ ਜੋਨੀਆਂ ਹੀ ਤਾਂ ਹਨ। ਨਿੱਕੇ ਬੈਕਟੀਰੀਆ ਜਾਂ ਸੈਲ ਤੋਂ ਲੈ ਕੇ ਹਾਥੀ ਤੇ ਵੇਲ (ਵੱਡਾ ਮੱਛ) ਤੱਕ ਸਾਰਿਆਂ ਜੋਨੀਆਂ ਹੀ ਤਾਂ ਹਨ। ਰੁੱਖਾਂ ਪਹਾੜਾਂ ਬਨਸਪਤੀ ਤੋਂ ਲੈ ਕੇ ਧਰਤੀ ਚੰਦ ਤਾਰੇ ਸੂਰਜ ਅੱਗੇ ਵਿਸ਼ਾਲ ਬ੍ਰਹਿਮੰਡ ਜੋ ਪੈਦਾ ਹੋਏ, ਜਿਨ੍ਹਾਂ ਕਦੇ ਬਿਨਸ ਜਾਣਾ ਹੈ। ਇਹ ਸਾਰੇ ਵੀ ਆਪੋ ਆਪਣੀ ਜੋਨੀ ਵਿਚ ਹੀ ਤਾਂ ਹਨ।

ਕੀ ਇਨਸਾਨ ਦਾ ਪੁਨਰ ਜਨਮ ਹੁੰਦਾ ਹੈ ? ਜੀ ਹਾਂ ਹੁੰਦਾ ਹੈ। ਜਦੋਂ ਨਰ ਵਲੋਂ ਬੀਜ ਪ੍ਰਾਪਤ ਕਰਦਾ ਹੈ ਮਾਦਾ(ਮਦੀਨ)- ਵੱਲੋਂ ਅੰਡਾ ਮਿਲ ਕੇ ਪ੍ਰਫੁਲਤ ਹੋਣ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ। ਨਿਸ਼ਚਿਤ ਸਮਾਂ ਪੂਰਾ ਕਰਕੇ ਬਾਲਕ ਜਨਮ ਲੈਂਦਾ ਹੈ। ਗਹਿਰਾਈ ਨਾਲ ਪਰਖ ਕਰਨੀ, ਬੱਚੇ ਦੇ ਨੈਣ ਨਕਸ਼, ਕੱਦ ਕਾਠ, ਬੋਲ ਬਾਣੀ, ਸੁਭਾ ਅਤੇ ਆਦਤਾਂ ਮਾਤਾ ਪਿਤਾ ਵਰਗੇ ਹੀ ਹੁੰਦੇ ਹਨ। ਬਹੁਤ ਸਾਰੇ ਗੁਣ ਅਤੇ ਔਗੁਣ ਵੀ ਬੱਚਿਆ ਵਿਚ ਉਹੀ ਦੇਖਣ ਨੂੰ ਮਿਲਦੇ ਹਨ ਜੋ ਮਾਂ ਬਾਪ ਵਿਚ ਦੇਖਣ ਨੂੰ ਮਿਲਦੇ ਹਨ। ਕਈ ਗੁੱਝੀਆਂ ਬਮਾਰੀਆਂ ਕਈ ਪੀੜ੍ਹੀਆਂ ਪਿੱਛਾ ਨਹੀਂ ਛੱਡਦੀਆਂ। ਨਾਨਾ-ਪੜਨਾਨਾ, ਨਾਨੀ ਪੜਨਾਨੀ, ਦਾਦਾ-ਦਾਦੀ, ਨੱਕੜ ਦਾਦਾ-ਨੱਕੜ ਦਾਦੀ ਵੀ ਆਪਣੀ ਨਸਲ ਦੇ ਜੀਵਨ ਤੇ ਅਸਰ ਅੰਦਾਜ ਹੁੰਦੇ ਵੇਖੇ ਗਏ ਹਨ। ਜੋ ਬਿਮਾਰੀਆਂ ਵਡੇਰਿਆਂ ਨੂੰ ਸਨ ਉਹੀ ਅੱਗੇ ਤੋਂ ਅੱਗੇ ਖਾਨਦਾਨੀ ਪਰੰਪਰਾ ਵਿਚ ਚਲਦੀਆਂ ਰਹਿੰਦੀਆਂ ਹਨ। ਇਹੀ ਹੈ ਅਸਲ ਵਿਚ ਦੁਬਾਰਾ ਜਨਮ ਜਾਂ ਪੁਨਰ ਜਨਮ। ਵੀਰਜ ਅਤੇ ਅੰਡੇ ਦੇ ਸੁਮੇਲ ਤੋਂ ਬੱਚੇ ਦੇ ਪੈਦਾ ਹੋਣਾ। ਸਮਝੋ ਨਰ ਅਤੇ ਮਾਦਾ ਖੁਦ ਹੀ ਨਵੇਂ ਸਰੀਰ ਵਿਚ ਜਨਮ ਲੈ ਰਹੇ ਹਨ। ਇਸ ਨੂੰ ਵਿਗਿਆਨ ਪੂਰੀ ਮਾਨਤਾ ਦਿੰਦਾ ਹੈ। ਜੋ ਗੁਰਬਾਣੀ ਵਿਚ ਆਉਂਦਾ ਹੈ ਕਿ ਆਤਮਾ ਮਰਦੀ ਨਹੀਂ ਅਮਰ ਹੈ। ਉਸ ਦਾ ਸਿੱਧਾ ਜਿਹਾ ਭਾਵ ਇਹੀ ਹੈ ਕਿ ਸਰੀਰ ਦੇ ਤੱਤ ਬਿਖਰ ਕੇ ਰੂਪ ਵਟਾ ਲੈਂਦੇ ਹਨ। ਹੋਰ ਮਰਦਾ ਜਾਂ ਖਤਮ ਕੁਝ ਨਹੀਂ ਹੁੰਦਾ। ਪੰਜ ਤੱਤ (ਮਾਦਾ+ਜਿਸ ਤੋਂ ਸਾਰੀ ਕਾਈਨਾਤ ਬਣੀ ਹੈ) ਅਮਰ ਹਨ। ਜੋ ਕੁਝ ਇੱਥੇ ਨਜਰ ਆਉਂਦਾ ਹੈ, ਜਾਂ ਅਸੀਂ ਗਿਆਨ ਨਾਲ ਜਾਣ ਸਕਦੇ ਹਾਂ। ਇਹ ਸਾਰਾ ਹੀ ਮਾਦਾ ਜਾਂ ਤੱਤਾਂ ਦਾ ਸੁਮੇਲ ਹੈ। ਇਹੀ ਹੈ ਪੁਨਰ ਜਨਮ।

ਥੋੜ੍ਹੀ ਦੇਰ ਲਈ ਕਲਪਨਾ ਕਰਕੇ ਦੇਖੋ ਅਗਰ ਕੋਈ ਸੱਪ, ਕਿਰਲਾ, ਸੂਰ ਜਾਂ ਭੇਡ ਪਿਛਲੇ ਜਨਮ ਦੀ ਸਜਾ ਪੂਰੀ ਕਰਕੇ ਚੰਗੇ ''ਕਰਮਾਂ'' ਨਾਲ ਮਨੁੱਖੀ ਜੂਨ ਵਿਚ ਆ ਜਾਵੇ ਉਸ ਨੂੰ ਆਪਣੀ ਪਿਛਲੀ ਜੂਨ ਕਿਉਂ ਭੁਲ ਜਾਂਦੀ ਹੈ? ਕਿਸੇ ਮਨੁੱਖ ਨੇ ਐਲਾਨ ਨਹੀਂ ਕੀਤਾ ਕਿ ਮੈਂ ਪਿਛਲੇ ਜਨਮ ਵਿਚ ਸੂਰ ਜਾਂ ਕੁੱਤਾ ਸਾਂ। ਜੇ ਬੁਰੇ ਕੰਮਾਂ ਕਾਰਨ ਕੋਈ ਇਨਸਾਨ, ਕਾਂ, ਗਿੱਦੜ, ਗਿਰਜ ਆਦਿ ਬਣ ਕੇ ਜਨਮ ਲੈ ਲਵੇ। ਉਸ ਨੂੰ ਵੀ ਆਪਣਾ ਪਿਛਲਾ ਜਨਮ ਵਿਸਰ ਜਾਂਦਾ ਹੈ ਕਿਉਂ? ਜੇ ਕਿਧਰੇ ਜਾਨਵਰ ਨੂੰ ਪਿਛਲਾ ਜਾਮਾ ਯਾਦ ਹੋਵੇ ਉਹ ਆਪਣੇ ਪਹਿਲੇ ਘਰ ਆ ਕੇ ਕੁਰਸੀ ਤੇ ਬੈਠ ਕੇ ਸਾਰਿਆਂ ਨੂੰ ਕੋਲ ਬੁਲਾ ਕੇ ਆਖੇ ਆਓ ਬੱਚਿਓ ਮੈਂ ਤੁਹਾਡੇ ਪਿਛਲੇ ਜਨਮ ਦੀ ਮਾਂ ਹਾਂ, ਜਾਂ ਪਿਤਾ ਹਾਂ। ਮੇਰੀ ਸੇਵਾ ਕਰੋ, ਖਾਣਾ ਖੁਆਓ, ਬੈਡ ਵਿਛਾਓ । ਕੀ ਹੋਇਆ ਮੈਂ ਪਸ਼ੂ ਹਾਂ ਪਿਛਲੇ ਜਨਮ ਵਿਚ ਤੁਹਾਡਾ ਪਿਓ ਦਾਦਾ ਜਾਂ ਮਾਂ ਤੇ ਦਾਦੀ ਸਾਂ। ਕੀ ਇਹ ਸੰਭਵ ਹੈ? ਕੋਈ ਇਸ ਨੂੰ ਸਵੀਕਾਰ ਕਰ ਲਵੇਗਾ। ਸਰੀਰ ਧਾਰਨ ਕਰਨ ਦੀ ਵਿਗਿਆਨਕ ਕਿਰਿਆ ਨੂੰ ਗੁਰਬਾਣੀ ਨੇ ਨਕਾਰਿਆ ਨਹੀਂ ਆਉ ਪਰਮਾਣ ਪੜੋ:-

**ਰਕਤ ਬਿੰਦੂ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।।**

**ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।। (63)**

ਹੇ ਭਾਈ ! ਇਹ ਸਰੀਰ ਪਿਤਾ ਦੇ ਬੀਜ ਅਤੇ ਮਾਤਾ ਦੇ ਖੂਨ ਤੋਂ ਬਣਿਆ ਹੈ। ਗਰਭ ਦੀ ਅਗਨੀ ਵਿਚ ਇਸਦੀ ਪਾਲਣਾ ਹੋਈ ਹੈ। ਸੁਆਸਾਂ ਨਾਲ ਦੇਹੀ ਚਲਦੀ ਹੈ। ਅੰਤਸਕਰਣ ਵਿਚ ਲੁਕਵੀ ਨਿਰੰਕਾਰੀ ਜੋਤ ਸਰੀਰ ਨੂੰ ਚਲਾ ਰਹੀ ਹੈ।

**ਮਾਤ ਪਿਤਾ ਸੰਜੋਗਿ ਉਪਾਏ, ਰਕਤੁ ਬਿੰਦੁ ਮਿਲਿ ਪਿੰਡੁ ਕਰੇ।।**

**ਅੰਤਰਿ ਗਰਭ ਉਰਧਿ ਲਿਵ ਲਾਗੀ, ਸੋ ਪ੍ਰਭੁ ਸਾਰੇ ਦਾਤਿ ਕਰੇ।। (1013)**

ਹੇ ਭਾਈ ! ਮਾਤਾ ਪਿਤਾ ਦੇ ਮੇਲ ਤੋਂ ਬਾਦ ਪਿਤਾ ਦਾ ਬੀਰਜ ਤੇ ਮਾਂ ਦਾ ਖੂਨ ਲੈ ਕੇ ਬੱਚੇ ਦਾ ਸਰੀਰ ਬਣਿਆ ਹੈ। ਮਾਂ ਦੇ ਗਰਭ ਵਿਚ ਨਿਰੰਕਾਰ ਦੀ ਬਣਾਈ ਵਿਧੀ ਮੁਤਾਬਕ ਬੱਚਾ ਨੀਮ ਬੇਹੋਸ਼ੀ ਦੀ ਹਾਲਤ ਵਿਚ ਪਲਦਾ ਰਿਹਾ। ਲਿਵ ਜੁੜਨ ਦਾ ਅਰਥ ਅੱਜ ਤਕ ਇਹੀ ਕੀਤਾ ਜਾਂਦਾ ਹੈ। ਗਰਭ ਵਿਚ ਬੱਚੇ ਦੀ ਇਹੀ ਅਵਸਥਾ ਹੁੰਦੀ ਹੈ। ਫਿਰ ਇਸ ਗਰਭ ਵਾਲੀ ਅਵਸਥਾ ਨੂੰ ਭੀ ਲਿਵ ਜੁੜੀ ਕਹਿ ਦੇਣਾ ਵਾਜਬ ਹੀ ਮੰਨਿਆ ਜਾਣਾ ਚਾਹੀਦਾ ਹੈ।



## ਚਰਨਾਂ ਵਿਚ ਨਿਵਾਸ ?

ਮਰ ਗਏ ਵਿਅਕਤੀ ਵਾਸਤੇ ਜਿੰਨੀਆਂ ਅਰਦਾਸਾਂ ਕੀਤੀਆਂ ਜਾਂਦੀਆਂ ਹਨ। ਜਿੰਨੇ ਲੋਕ ਸ਼ਰਧਾਂਜਲੀਆਂ ਭੇਟ ਕਰਨ ਦੀ ਮਨਮਤੀ ਕਿਰਿਆ ਕਰਦੇ ਹਨ। ਉਹ ਸਭ ਇਕ ਗਲ ਕਹਿਣੀ ਨਹੀਂ ਭੁਲਦੇ **''ਵਿਛੜੀ ਆਤਮਾ ਨੂੰ ਆਵਾਗਵਣ ਤੋਂ ਮੁਕਤ ਕਰ ਦੇਦਾ। ਸਦੀਵਕਾਲ ਵਾਸਤੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣਾ।''** ਇਥੇ ਜੋ ਨੁਕਤਾ ਵਿਚਾਰਨ ਜੋਗ ਹੈ ਉਹ ਹੈ ਕਿ ਰੱਬ ਜੀ ਦੇ ਚਰਨ ਕਿਥੇ ਹਨ, ਕਿਹੋ ਜਿਹੇ ਹਨ ਤੇ ਕਿੰਨੇ ਕੁ ਵੱਡੇ ਹਨ? ਜੋ ਪਰਮੇਸ਼ਰ ਅਕਾਰ ਰਹਿਤ ਹੈ। ਜੂਨਾਂ ਵਿਚ ਨਹੀਂ ਆਉਂਦਾ ਉਸਦੇ ਚਰਨ ਫਿਰ ਕਿਵੇਂ ਪ੍ਰਗਟ ਹੋ ਗਏ? ਗੁਰੂ ਫੁਰਮਾਨ ਤਾਂ ਇਉ ਦਸ ਪਾ ਰਹੇ ਹਨ-

**ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।।**

**ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।।**

**ਸਾਚੇ ਸਚਿਆਰ ਵਿਟਹੁ ਕੁਰਬਾਣੁ।।**

**ਨਾ ਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੈ ਸਬਦਿ ਨੀਸਾਣੁ।। ਰਹਾਉ।।**

**ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ।।**

**ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।।**

**ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ।।**

**ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ।। (597)**

ਅਸਲ ਵਿਚ ''ਚਰਣ'' ਜਾਂ ਤੇ ਨਿਮਰਤਾ ਦਾ ਪ੍ਰਤੀਕ ਹੈ, ਜਾਂ ਰੱਬ ਦਾ ਨਾਮ ਹੈ। ਕੁਝ ਥਾਵਾਂ ਤੇ ਗੁਰੂ ਦੇ ਸ਼ਬਦ (ਉਪਦੇਸ਼) ਨੂੰ ਭੀ ਚਰਣ ਕਿਹਾ ਹੈ। ਪੜੋ-

**''ਨਾਮ ਲੈਤ ਸਭ ਦੂਖਹ ਨਾਸੁ।। ਨਾਮ ਜਪਤ ''ਹਰਿ ਚਰਣ'' ਨਿਵਾਸ।। (1150)**

**ਹਰਿ ਕੇ ''ਚਰਨ'' ਹਿਰਦੇ ਗਾਇ।।**

**ਸੀਤਲਾ ਸੁਖ ਸਾਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ।। (1300)**

**ਪਾਰਬ੍ਰਹਮ ਪ੍ਰਭ ਤੇਰੀ ਸਰਨਾ।।**

**ਕਿਲਬਿਖ ਕਾਟੈ ਭਜੁ ਗੁਰ ਕੇ ''ਚਰਨਾ''।। (804)**

**ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ, ਮੋਹਿ ਹ੍ਰਿਦੈ ਬਸਹਿ ਨਿਤ''ਚਰਨਾ''।। (1266)**

**ਹਿਰਦੇ ''ਚਰਣ'' ਸਬਦੁ ਸਤਿਗੁਰ ਕੋ, ਨਾਨਕ ਬਾਂਧਿਓ ਪਾਲਿ।। (680)**

ਉਪਰ ਦਿੱਤੇ ਗੁਰਬਾਣੀ ਪਰਮਾਣਾ ਵਿਚ ਸਤਿਗੁਰੂ ਦੇ ਉਪਦੇਸ਼ ਨੂੰ ਹੀ ਗੁਰੂ ਚਰਨ ਜਾਂ ਹਰੀ ਚਰਨ ਕਿਹਾ ਗਿਆ ਹੈ। ਸਰੀਰ ਕਰਕੇ ਤਾਂ ਨਿਰੰਕਾਰ ਦੇ ਕਿਧਰੇ ਭੀ ਚਰਨ ਨਹੀਂ ਹਨ। ਸ਼ਾਇਦ ਇਹੀ ਕਹਿਣਾ ਵਾਜਬ ਰਹੇਗਾ –

**ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ।।**
**ਜੋਤੀ ਜੋਤਿ ਰਲੀ, ਸੰਪੂਰਨ ਥੀਆ ਰਾਮ।।**
**ਬ੍ਰਹਮੁ ਦੀਸੈ, ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ।।**
**ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀ ਜਾਣੀਐ।। (846)**

* **ਦਿਨੁ ਰੈਣਿ ਨਾਮੁ ਧਿਆਇਦਾ, ਫਿਰਿ ਪਾਇ ਨਾ ਮੋਆ।।**
**ਜਿਸ ਤੇ ਉਪਜਿਆ ਨਾਨਕਾ, ਸੋਈ ਫਿਰਿ ਹੋਆ।।**
**ਕਿਥਹੁ ਉਪਜੈ ਕਹ ਰਹੈ, ਕਹ ਮਾਹਿ ਸਮਾਵੈ।।**
**ਜੀਅ ਜੀਤ ਸਭਿ ਖਸਮ ਕੇ, ਕਉਣੁ ਕੀਮਤਿ ਪਾਵੈ।। (1193)**

ਉਪਰ ਕਿਤੇ ਸੱਚ ਖੰਡ ਬਣਿਆ ਹੋਇਆ ਨਹੀਂ ਹੈ। ਇਹ ਮਨ ਦੀਆਂ ਹੀ ਅਵਸਥਾਵਾਂ ਹਨ। ਨਿਰੰਕਾਰੀ ਜੋਤ ਸਰੀਰ ਦੇ ਅੰਦਰ ਹੀ ਮੌਜੂਦ ਹੈ। ਕਣ ਕਣ ਵਿਚ ਸੁਭਾਇਮਾਨ ਹੈ। **"ਸਵਰਗਵਾਸੀ"** ਕਹਿਣ ਨੂੰ ਭੀ ਤਿਆਗ ਦਿਤਾ ਜਾਵੇ। ਇਸ ਕਾਰਨ ਸਵਰਗ ਦੀ ਲਾਲਸਾ ਉਤਪੰਨ ਹੁੰਦੀ ਹੈ। ਮਰ ਗਏ ਵਿਅਕਤੀ ਲਈ **"ਮਰਹੂਮ"** ਸ਼ਬਦ ਵਰਤਣਾ ਜਿਆਦਾ ਠੀਕ ਰਹੇਗਾ।। "ਵਿਦਵਾਨ ਸੱਜਣ" ਇਸ ਪੱਖ ਵਲ ਕਦੀ ਧਿਆਨ ਕੇਂਦਰਤ ਕਰਨਗੇ? **"ਸਿੱਖ ਇਕ ਵੱਖਰੀ ਕੌਮ"**, ਜਾਂ **"ਨਿਆਰਾ ਖਾਲਸਾ"** ਉਭਾਰਨ ਲਈ ਸਿੱਖ ਸਮਾਜ ਨੂੰ ਵਿਚਾਰਧਾਰਕ ਤੌਰ ਤੇ ਨਿਆਰਾ ਬਣਾਉਣ ਵਿਚ ਕੋਈ ਸਾਰਥਕ ਉਪਰਾਲੇ ਕਰਨਗੇ?

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।।**
**ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।।**
**ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ।। (595)**

ਹੇ ਭਾਈ ਅਉਗਣ ਬੰਧਨ ਹਨ। ਗੁਣਵਾਨ ਹੋ ਕੇ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ। ਜਿਹੜੇ ਗੁਰੂ ਦੇ ਉਪਦੇਸ਼ ਨੂੰ ਨਹੀਂ ਸਮਝਣਗੇ ਉਹਨਾਂ ਦਾ ਭਵਿੱਖ ਤਬਾਹ ਹੋ ਜਾਵੇਗਾ।



## ਆਖਰੀ ਨਿਚੋੜ

**ਦੇਨਿ ਦੁਆਈ ਸੇ ਮਰਹਿ, ਜਿਨ ਕਉ ਦੇਨਿ ਸਿ ਜਾਹਿ।।**
**ਨਾਨਕ ਹੁਕਮੁ ਨ ਜਾਪਈ, ਕਿਥੈ ਜਾਇ ਸਮਾਹਿ।। (1286)**

ਹੇ ਭਾਈ! ਜੋ ਅਸੀਰਵਾਦਾਂ ਦੇ ਰਹੇ ਹਨ ਉਹ ਤਾਂ ਖੁਦ ਹੀ ਮਰਦੇ ਰਹੇ ਹਨ। ਜਿਨਾਂ ਨੂੰ ਦੁਆਵਾਂ ਦੇਂਦੇ ਹਨ ਉਹ ਭੀ ਮਰ ਜਾਂਦੇ ਹਨ। ਨਿਰੰਕਾਰ ਦੇ ਕੀਤੇ ਨੂੰ ਕੋਈ ਵਿਅਕਤੀ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ। ਨਾਂ ਹੀ ਇਹ ਦਸ ਸਕਦਾ ਹੈ ਕਿ ਮਰਨ ਤੋਂ ਬਾਅਦ ਇਨਸਾਨ ਕਿਥੇ ਚਲਾ ਜਾਂਦਾ ਹੈ।

ਸਿੱਖ ਸਮਾਜ ਨੂੰ ਜੇ ਇਕੋ ਪੰਕਤੀ ਦੇ ਅਰਥ ਸਮਝ ਆ ਜਾਣ ਤਾਂ ਸਾਰੇ ਕੂੜ ਪਸਾਰੇ ਦਾ ਖਾਤਮਾ ਹੋ ਸਕਦਾ ਹੈ। ਜਮਦੂਤ, ਜਮਰਾਜ, ਧਰਮਰਾਜ, ਚਿੱਤਰ ਗੁਪਤ, 84 ਲੱਖ ਜੂਨੀਆਂ, ਬਾਰਬਾਰ ਜਨਮਣਾ ਅਤੇ ਨਰਕ ਸੁਰਗ ਸਭ ਦਾ ਖਾਤਮਾ ਕੀਤਾ ਜਾ ਸਕਦਾ ਹੈ।

**ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ।।**
**ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰ ਗਰਭਾਸਿ ਨ ਪਰਿਆ ਰੇ।। (612)**

ਹੇ ਭਾਈ! ਮੈਂ ਨਾ ਸਮਝ ਮਨੁਖ ਕੀ ਆਖ ਸਕਦਾ ਹਾਂ। ਜਿਨਾਂ ਨੇ ਗੁਰੂ ਨਾਨਕ ਸਾਹਿਬ ਦੀ ਸੰਗਤ ਮਾਣੀ, ਸਿਖਿਆ ਤੇ ਅਮਲ ਕੀਤਾ ਉਹ ਕਰੋੜਾਂ ਹੀ ਲੋਕ ਤਰ ਗਏ। ਬੰਧਨ ਮੁਕਤ ਹੋ ਗਏ। ਮੁੜ ਕਦੀ ਗਰਭ ਵਿਚ ਨਹੀਂ ਆਉਣਗੇ।

**ਚੂਕਾ ਗਉਣੁ ਮਿਟਿਆ ਅੰਧਿਆਰੁ।।ਗੁਰਿ ਦਿਖਲਾਇਆ ਮੁਕਤਿ ਦੁਆਰੁ।।**
**ਬੈਰ ਬਿਰੋਧ ਛੇਦੇ ਭੈ ਭਰਮਾ।। ਪ੍ਰਭਿ ਪੁੰਨਿ ਆਤਮੈ ਕੀਨੇ "ਧਰਮਾ"।। (1348)**

ਹੇ ਭਾਈ! ਆਵਾਗਵਣ ਮਿਟ ਗਿਆ ਹੈ। ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ ਹੈ। ਗੁਰੂ ਨੇ ਬੰਧਨਾ ਤੋਂ ਪੂਰੀ ਤਰ੍ਹਾਂ ਮੁਕਤ ਕਰ ਦਿਤਾ। ਵੈਰ ਵਿਰੋਧ, ਡਰ ਅਤੇ ਭਰਮ ਆਦਿ ਸਭ ਦਾ ਖਾਤਮਾ ਕਰ ਦਿਤਾ। ਨਿਰੰਕਾਰ ਨੇ ਮਨ ਆਤਮਾ ਨੂੰ ਅਸਲੀ ਧਰਮ ਸਮਝਾ ਦਿਤਾ। ਅਡੋਲ ਰਹਿ ਕੇ ਗੁਰੂ ਦੀ ਮਤ ਅਨੁਸਾਰ ਹੁਣ ਜੀਵਨ ਬਤੀਤ ਕਰਾਂਗੇ।

**ਜੋ ਨ ਸੁਨਹਿ ਜਸੁ ਪਰਮਾਨੰਦਾ।। "ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ" (188)**

--0--